# ਜੰਗਬਾਜ਼ਾਂ ਦੇ ਖਿਲਾਫ਼

(ਕਾਵਿ-ਸੰਗ੍ਰਹਿ)

ਯੂਕਰੇਨ, ਗਾਜ਼ਾ, ਸੂਡਾਨ, ਯਮਨ, ਸੀਰੀਆ, ਸੋਮਾਲੀਆ, ਨਾਇਜੀਰੀਆ
ਜੰਗਬਾਜ਼ਾਂ ਲਈ, ਮਹਿਜ਼, ਜੰਗੀ ਖੇਡਾਂ ਖੇਡਣ ਦੇ ਮੈਦਾਨ ਹਨ
ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਔਰਤਾਂ, ਦੇ
ਜਿਸਮਾਂ ਨੂੰ, ਬੰਬਾਂ ਦੀ ਬਰਖਾ ਕਰਕੇ
ਚੀਥੜਾ, ਚੀਥੜਾ, ਕਰਨਾ
ਧਰਤੀ ਨੂੰ, ਮਨੁੱਖੀ ਖ਼ੂਨ ਨਾਲ
ਲਾਲੋ ਲਾਲ ਕਰਨਾ, ਉਨ੍ਹਾਂ ਦੇ
ਵਿਉਪਾਰਕ ਧੰਦੇ ਦੀਆਂ, ਮਹਿਜ਼
ਮੁੱਢਲੀਆਂ, ਲੋੜਾਂ ਹਨ

-ਸੁਖਿੰਦਰ

# ਸੁਖਿੰਦਰ ਰਚਿਤ ਪੁਸਤਕਾਂ

## ਵਿਗਿਆਨ :

- ਪੁਲਾੜ, ਸਮਾਂ ਤੇ ਪਦਾਰਥ (1972)
- ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ਵਿਸ਼ਵ ਚਰਚਾ (1975)

## ਕਵਿਤਾ :

- ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ਲੱਕੜ ਦੀਆਂ ਮੱਛੀਆਂ (1979)
- ਤਿੰਨ ਕੋਣ (ਤਿੰਨ ਕਵੀ) (1979)
- ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ਸ਼ਕਿਜ਼ੋਫ਼ਰੇਨੀਆਂ (1993)
- ਇਹ ਖ਼ਤ ਕਿਸਨੂੰ ਲਿਖਾਂ (1998)
- ਕੁੱਤਿਆਂ ਬਾਰੇ ਕਵਿਤਾਵਾਂ (2006)
- ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ਗਲੋਬਲੀਕਰਨ (2008)
- ਸਮੋਸਾ ਪਾਲਿਟਿਕਸ (2012)
- ਕਵਿਤਾ ਦੀ ਤਲਾਸ਼ ਵਿੱਚ (2013)
- ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ਆਮ ਆਦਮੀ ਦਾ ਇਨਕਲਾਬ (2015)
- ਡਾਇਰੀ ਦੇ ਪੰਨੇ (2016)
- ਲਹੂ ਦਾ ਰੰਗ (ਦੋ ਕਵੀ) (2017)
- ਸਾਜ਼ਿਸ਼ੀ ਮੌਸਮ (2018)
- ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ਬਾਂਦਰ ਨਾਲ ਬਹਿਸ ਕੌਣ ਕਰੇ (2019)
- ਲੌਕਡਾਊਨ (2020)
- ਕਿਸਾਨ ਯੁੱਧ (2020) (ਦੋ ਕਵੀਆਂ ਨਾਲ ਸਾਂਝੀ)
- ਕ੍ਰਾਂਤੀ ਦੀ ਭਾਸ਼ਾ (2022)
- ਵਾਇਰਸ ਪੰਜਾਬ ਦੇ (2023)

## ਆਲੋਚਨਾ :

- ਕੈਨੇਡੀਅਨ ਪੰਜਾਬੀ ਸਾਹਿਤ (2010)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ਕ੍ਰਾਂਤੀ ਦੀ ਕਵਿਤਾ (2017)

## ਵਾਰਤਕ :

- ਸਿੱਧੀਆਂ ਸਪੱਸ਼ਟ ਗੱਲਾਂ (2010)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

## ਸੰਪਾਦਨਾ:

- ਮਕਤਲ (ਪ੍ਰਗਤੀਵਾਦੀ ਕਵਿਤਾ (ਸਹਿ ਸੰਪਾਦਨਾ) (1982)
- ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)
- ਅੰਦੋਲਨ, ਮੇਲਾ ਨਹੀਂ ਹੁੰਦਾ (52 ਕਵੀਆਂ ਦੀਆਂ ਕਵਿਤਾਵਾਂ) (2022)
- ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ : ਖੁੱਲ੍ਹੇ ਭੇਤ (ਆਲੋਚਨਾ) (2022)
- ਸੁਖਿੰਦਰ ਦੀ ਕਾਵਿ-ਸੰਵੇਦਨਾ (ਅਲੋਚਨਾ) (2023)
- ਪੰਜਾਬੀ ਸਾਹਿਤ ਅਤੇ ਸਭਿਆਚਾਰ (ਨਿਬੰਧ) (ਸਹਿ-ਸੰਪਦਨਾ) 2023
- ਪੰਜਾਬੀ ਬੋਲੀ ਅਤੇ ਵਿਰਸਾ (ਨਿਬੰਧ) (ਸਹਿ-ਸੰਪਾਦਨਾ) (2024)

## ਨਾਵਲ :

- ਅਲਾਰਮ ਕਲਾਕ (2003)
- ਕਰੋਨਾ ਕਾਫਲੇ (2021)

## ਬੱਚਿਆਂ ਲਈ :

- ਅਨੀਤਾ ਆਂਟੀ ਅਤੇ ਬੱਚੇ (2004)

## **English :**

- Children Are Not Hamburger Meat (Poetry) (2005)

# ਜੰਗਬਾਜ਼ਾਂ ਦੇ ਖਿਲਾਫ਼

(ਕਾਵਿ-ਸੰਗ੍ਰਹਿ)

## ਸੁਖਿੰਦਰ

ਸਪਤਰਿਸ਼ੀ ਪਬਲੀਕੇਸ਼ਨ
ਚੰਡੀਗੜ੍ਹ

**Copyright © 2024 Sukhinder**

# Jangbaazan De Khilaph

**(Poetry)**

***Sukhinder***
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

***ISBN : 978-81-974089-9-1***

***First Edition :***
***2024***

***Price*** :
$10 (In Canada & U.S.A.)
Rs. 150 (In India)

Published by
**Saptrishi Publication**
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
**Visit us at : www.saptrishipublication.com**
94638-36591, 77174-65715
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*

**Printed at Sapatrishi Printers Chandigarh 94638-36591**

# ਸਮਰਪਣ

ਵਿਸ਼ਵ ਪ੍ਰਸਿੱਧ ਗਾਇਕਾਂ
ਬੋਬ ਡਿਲਨ, ਬਰੂਸ ਸਪਰਿੰਗਸਟੀਨ
ਟਰੇਸੀ ਚੈਪਮੈਨ, ਜੋਹਨ ਲੈਨਿਨ, ਬੋਬ ਮਾਰਲੀ
ਗੋਰਡਨ ਲਾਈਟਫੁੱਟ, ਜੋਨ ਬਾਇਜ਼
ਅਤੇ ਵਿਸ਼ਵ ਪ੍ਰਸਿੱਧ ਕਵੀ
ਐਲਨ ਗਿਨਜ਼ਬਰਗ
ਨੂੰ

# ਕਿੱਥੇ ਕੀ ?


■ ਭੂਮਿਕਾ 09
1. ਜੰਗਬਾਜ਼ਾਂ ਦੇ ਖਿਲਾਫ਼ 15
2. ਹਵਸ 17
3. ਗੁੰਡਿਆਂ ਦੀ ਸਲਤਨਤ 19
4. ਹਥਿਆਰਾਂ ਦੇ ਵਿਉਪਾਰੀ 22
5. ਹਿਟਲਰ ਦੀ ਔਲਾਦ 24
6. ਜੰਗਬਾਜ਼ 26
7. ਹੀਰੋਸ਼ੀਮਾ ਤੋਂ ਗਾਜ਼ਾ ਤੱਕ 28
8. ਜੰਗਬਾਜ਼ਾਂ ਦਾ ਦੋਗਲਾਪਣ 30
9. ਸੁਨਾਮੀ ਲਹਿਰਾਂ 32
10. ਵੀਅਤਨਾਮ ਦੀ ਜੰਗ 35
11. ਬੜ੍ਹਕਾਂ 39
12. ਸ਼ਕਿਜ਼ੋਫਰੇਨੀਆ-15 41
13. ਜੰਗ 43
14. ਬਰਸ ਰਹੇ ਬੰਬਾਂ ਦੀ ਰੁੱਤ 45
15. ਹਮਦਰਦੀ 48
16. ਰਹਿਣ ਦੇ ਤੂੰ 50
17. ਹੋਲੋਕਾਸਟ 52
18. ਗਲੋਬਲੀਕਰਨ-1 55
19. ਸਾਜ਼ਿਸ਼ੀ ਚੁੱਪ ਹੈ ਹਰ ਪਾਸੇ 58
20. ਜੰਗਬਾਜ਼ ਮਸਖਰਿਆਂ ਦਾ ਅਖਾੜਾ 60
21. ਜੰਗ, ਕੋਈ ਮੁਜਰਾ ਨਹੀਂ ਹੁੰਦੀ 63
22. ਜੰਗ, ਕੋਈ ਤਮਾਸ਼ਾ ਨਹੀਂ ਹੁੰਦਾ 65
23. ਤੀਸਰਾ ਮਹਾਂ-ਯੁੱਧ 67
24. ਜੰਗਬਾਜ਼ਾਂ ਦੇ ਅਨੇਕਾਂ ਚਿਹਰੇ 70
25. ਯੁੱਧ 73
26. ਚਾਮਚੜਿੱਕਾਂ 76
27. ਸਾਡੇ, ਸਮਿਆਂ ਦੇ ਜੰਗਬਾਜ਼ 79
28. ਛੇਂਵਾਂ ਦਰਿਆ 81
29. ਪੰਜਾਬ ਅਤੇ ਪੰਜਾਬੀਆਂ ਦੀ ਤ੍ਰਾਸਦੀ 84
30. ਸਾਡਾ ਹੱਕ, ਇੱਥੇ ਰੱਖ 86
31. ਗਲੋਬਲੀਕਰਨ-7 89
32. ਅਮਨ ਅਤੇ ਜੰਗ 91
33. ਜੰਗਬਾਜ਼ਾਂ ਨੂੰ ਥੂਹ ਥੂਹ ਆਖੋ 93
34. ਅਮਨ 95

ਭੂਮਿਕਾ:

# ਜੰਗਬਾਜ਼ਾਂ ਦੇ ਖਿਲਾਫ਼

'ਵਿਸ਼ਵ-ਯੁੱਧ 2' ਤੋਂ ਬਾਅਦ, ਤਕਰੀਬਨ 1950 ਤੋਂ ਹੀ, ਦੁਨੀਆ ਭਰ ਵਿੱਚ 'ਅਮਨ ਅਤੇ ਸਹਿਹੋਂਦ ਲਹਿਰ' ਦੀਆਂ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ.

ਵਿਸ਼ੇਸ਼ ਤੌਰ ਉੱਤੇ, 1960 ਦੇ ਆਸਪਾਸ ਦੇ ਸਮੇਂ ਤੋਂ ਹੀ ਇੰਡੀਆ ਵਿੱਚ ਵੀ ਇਸ ਲਹਿਰ ਦਾ ਬਹੁਤ ਜ਼ੋਰ ਰਿਹਾ.

ਪੰਜਾਬੀ ਸ਼ਾਇਰ ਆਪਣੀ ਸ਼ਾਇਰੀ ਵਿੱਚ ਵਿਸ਼ਵ-ਅਮਨ ਦੀਆਂ ਗੱਲਾਂ ਕਰਨ ਲੱਗੇ ਅਤੇ ਨਾਟਕਕਾਰ ਵਿਸ਼ਵ-ਅਮਨ ਵਿਸ਼ੇ ਉੱਤੇ ਨਾਟਕ ਖੇਡਣ ਲੱਗੇ.

ਉਸ ਸਮੇਂ ਅਮਨ ਦੀ ਗੱਲ ਕਰਨ ਵਾਲੇ ਪੰਜਾਬੀ ਸ਼ਾਇਰਾਂ ਵਿੱਚੋਂ ਤੇਰਾ ਸਿੰਘ ਚੰਨ ਦਾ ਨਾਮ ਸਭ ਤੋਂ ਵੱਧ ਚਮਕਿਆ.

ਉਸਦੀ ਹੇਠ ਲਿਖੀ ਕਵਿਤਾ ਦੇ ਬੋਲ ਪੰਜਾਬੀਆਂ ਦੀ ਚੇਤਨਤਾ ਨੂੰ ਪ੍ਰਭਾਵਿਤ ਕਰਨ ਲੱਗੇ:

'ਕਾਗ ਸਮੇਂ ਦਾ ਬੋਲਿਆ
ਅਮਨਾਂ ਦੀ ਬੋਲੀ'

ਪਰ 1975-80 ਸਮੇਂ ਦੇ ਦੌਰ ਦੇ ਆਉਣ ਤੱਕ, ਹੌਲੀ ਹੌਲੀ, ਪੰਜਾਬੀ ਸ਼ਾਇਰ ਅਮਨ ਦੀ ਗੱਲ ਕਰਨੀ ਹੀ ਭੁੱਲ ਗਏ; ਭਾਵੇਂ ਕਿ ਧਰਤੀ ਦੇ ਚੱਪੇ ਚੱਪੇ ਉੱਤੇ ਜੰਗ ਦੀ ਅੱਗ ਦੇ ਭਾਂਬੜ ਅਜੇ ਵੀ ਬਲ ਰਹੇ ਸਨ ਅਤੇ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਸ਼ਾਇਰ, ਗਾਇਕ, ਸੰਗੀਤਕਾਰ, ਅਦਾਕਾਰ ਵਿਸ਼ਵ-ਅਮਨ ਲਈ ਆਪਣੀ ਆਵਾਜ਼ ਬੁਲੰਦ ਕਰ ਰਹੇ ਸਨ.

ਇਨ੍ਹਾਂ ਸਾਲਾਂ ਦੌਰਾਨ, ਵਿਸ਼ਵ-ਪੱਧਰ ਉੱਤੇ, ਅਨੇਕਾਂ ਪ੍ਰਸਿੱਧ ਗਾਇਕਾਂ ਅਤੇ ਸੰਗੀਤ ਗਰੁੱਪਾਂ ਨੇ ਵਿਸ਼ਵ-ਅਮਨ, ਪਿਆਰ ਅਤੇ ਦੋਸਤੀ ਦੇ ਵਿਸ਼ੇ ਉੱਤੇ ਗੀਤ ਗਾਏ. ਜਿਨ੍ਹਾਂ ਗਾਇਕਾਂ/ਸੰਗੀਤ ਗਰੁੱਪਾਂ/ਕਵੀਆਂ ਵਿੱਚ ਬੌਬ ਡਿਲਨ, ਜੋਹਨ ਲੈਨਿਨ, ਮਾਈਕਲ ਜੈਕਸਨ, ਟੇਲਰ ਸਵਿਫਟ, ਜੋਰਜ ਹੈਰੀਸਨ, ਈਗਲਜ਼, ਅਲੀਸੀਆ ਕੀਜ਼, ਲੈਨੀ ਕਰਵਿਟਜ਼, ਕਰਟਸ ਮੇਫੀਲਡ, ਐਲਵਿਸ ਕੋਸਟਲੋ, ਬੌਬ ਮਾਰਲੀ, ਕੈਟ ਸਟੀਵਨਜ਼, ਫਲੀਟਵੁੱਡ ਮੈਕ, ਮਾਰਵਿਨ ਗੇ, ਬਰੂਸ ਸਪਰਿੰਗਸਟੀਨ, ਰਿਹਾਨਾ, ਕੈਰੀ ਅੰਡਰਵੁੱਡ, ਲਿਜ਼ੀ, ਮੈਰੀ ਓਸਮੈਂਡ, ਐਨ ਮਰੀ, ਜੋਨੀ ਮਿੱਚਲ, ਜੋਨ ਬਾਇਜ਼, ਸੰਟੈਨਾ, ਜੈਨਿਸ ਜੋਪਲਿਨ, ਜਿੰਮੀ ਹੈਂਡਰਿਕਸ, ਐਲਨ ਗਿਨਜ਼ਬਰਗ, ਵਿੱਲੀ ਨੈਲਸਨ ਆਦਿ ਦੇ ਨਾਮ ਲਏ ਜਾ ਸਕਦੇ ਹਨ.

1970-75 ਸਮੇਂ ਦੌਰਾਨ ਵੀਅਤਨਾਮ ਦੀ ਜੰਗ ਦੇ ਖਿਲਾਫ਼ ਅਮਰੀਕਾ,

ਯੂ.ਕੇ., ਫਰਾਂਸ ਅਤੇ ਯੋਰਪ ਦੇ ਅਨੇਕਾਂ ਹੋਰ ਦੇਸ਼ਾਂ ਵਿੱਚ ਲੇਖਕਾਂ/ਸੰਗੀਤਕਾਰਾਂ/ਪੱਤਰਕਾਰਾਂ/ਵਿਦਿਆਰਥੀਆਂ ਵੱਲੋਂ ਵੱਡੇ ਵੱਡੇ ਰੋਸ ਮੁਜ਼ਾਹਰੇ ਹੋਏ.

ਪਰ ਅਮਰੀਕਾ ਜਿਹੀ ਸੁਪਰਪਾਵਰ ਨੂੰ ਵੀ ਵੀਅਤਨਾਮ ਵਿੱਚ ਲੱਗੀ ਜੰਗ ਦਾ ਸੇਕ ਉਦੋਂ ਹੀ ਮਹਿਸੂਸ ਹੋਣਾ ਸ਼ੁਰੂ ਹੋਇਆ ਜਦੋਂ ਵੀਅਤਨਾਮ ਦੀ ਜੰਗ ਵਿੱਚ ਮਾਰੇ ਜਾ ਰਹੇ ਅਮਰੀਕਨ ਫੌਜੀਆਂ ਦੀਆਂ ਲਾਸ਼ਾਂ ਹਰ ਦਿਨ ਅਮਰੀਕਾ ਆਉਣ ਲੱਗੀਆਂ ਅਤੇ ਇਨ੍ਹਾਂ ਲਾਸ਼ਾਂ ਸਾਹਮਣੇ ਰੋਂਦੀਆਂ/ਕੁਰਲਾਂਦੀਆਂ ਅਮਰੀਕਨ ਮਾਵਾਂ, ਧੀਆਂ, ਭੈਣਾਂ, ਪਤਨੀਆਂ, ਦੀਆਂ ਤਸਵੀਰਾਂ ਅਮਰੀਕਨ ਟੀਵੀ ਅਤੇ ਅਖਬਾਰਾਂ ਦੀਆਂ ਸੁਰਖੀਆਂ ਬਨਣ ਲੱਗੀਆਂ.

ਦਰਅਸਲ, ਵਿਸ਼ਵ-ਯੁੱਧ 2 ਦੇ ਖਤਮ ਹੋਣ ਤੋਂ ਬਾਅਦ, ਤਕਰੀਬਨ, 1950 ਦੇ ਆਸ-ਪਾਸ ਹੀ ਵਿਸ਼ਵ ਦੀਆਂ ਦੋ ਵੱਡੀਆਂ ਫੌਜੀ ਤਾਕਤਾਂ ਅਮਰੀਕਾ ਅਤੇ ਸੋਵੀਅਤ ਯੂਨੀਅਨ ਇਹ ਮਹਿਸੂਸ ਕਰਨ ਲੱਗ ਪਈਆਂ ਸਨ ਕਿ ਵਿਸ਼ਵ ਵਿੱਚ ਐਟਮੀ ਯੁੱਧ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਵੱਡੀਆਂ ਫੌਜੀ ਤਾਕਤਾਂ 'ਅਮਨ ਅਤੇ ਸਹਿਹੋਂਦ' ਵਿਚਾਰਧਾਰਾ ਨੂੰ ਅਮਲ ਵਿੱਚ ਲਿਆਉਣ.

ਸੋਵੀਅਤ ਯੂਨੀਅਨ ਵਿੱਚ ਜਦੋਂ ਖਰੁਸਚੋਵ ਤਾਕਤ ਵਿੱਚ ਆਇਆ ਤਾਂ ਉਸ ਨੇ 'ਅਮਨ ਅਤੇ ਸਹਿਹੋਂਦ' ਦੀ ਨੀਤੀ ਨੂੰ ਉਤਸਾਹਿਤ ਕੀਤਾ.

ਉਸਨੇ ਕਿਹਾ ਕਿ ਪੂੰਜੀਵਾਦ ਅਤੇ ਸਮਾਜਵਾਦ ਦੁਨੀਆ ਵਿੱਚ ਇੱਕ ਦੂਜੇ ਦੀ ਹੋਂਦ ਨੂੰ ਮੰਨ ਕੇ ਇਕੱਠੇ ਰਹਿ ਸਕਦੇ ਹਨ ਅਤੇ ਇਸ ਤਰ੍ਹਾਂ ਕਰਨ ਨਾਲ ਵਿਸ਼ਵ-ਅਮਨ ਯਕੀਨੀ ਬਣਾਇਆ ਜਾ ਸਕਦਾ ਹੈ.

ਪਰ ਖਰੁਸਚੋਵ ਅਤੇ ਸੋਵੀਅਤ ਯੂਨੀਅਨ ਵੱਲੋਂ 'ਅਮਨ ਅਤੇ ਸਹਿਹੋਂਦ' ਦੀ ਵਿਚਾਰਧਾਰਾ ਨੂੰ ਉਤਸਾਹਿਤ ਕਰਨ ਨਾਲ ਵਿਸ਼ਵ ਦੀਆਂ ਦੋ ਵੱਡੀਆਂ ਕਮਿਊਨਿਸਟ ਤਾਕਤਾਂ ਸੋਵੀਅਤ ਯੂਨੀਅਨ ਅਤੇ ਚੀਨ ਦੀ ਆਪਸ ਵਿੱਚ ਹੀ ਖੜਕ ਗਈ.

ਚੀਨ ਵਿੱਚ ਉਸ ਵੇਲੇ ਕਮਿਊਨਿਸਟ ਪਾਰਟੀ ਦਾ ਲੀਡਰ ਮਾਓ-ਜ਼ੇ-ਤੁੰਗ ਸੀ. ਚੀਨ ਦੀ ਕਮਿਊਨਿਸਟ ਪਾਰਟੀ ਨੇ ਕਹਿ ਦਿੱਤਾ ਕਿ 'ਅਮਨ ਅਤੇ ਸਹਿਹੋਂਦ' ਵਿਚਾਰਧਾਰਾ ਦਾ ਐਲਾਨ ਕਰਕੇ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਲੀਡਰਸ਼ਿਪ ਮਾਰਕਸਵਾਦੀ+ਲੈਨਿਨਵਾਦੀ ਵਿਚਾਰਧਾਰਾ ਤੋਂ ਭਗੌੜਾ ਹੋ ਗਈ ਹੈ ਅਤੇ ਇਸ ਤਰ੍ਹਾਂ ਉਹ ਦੁਨੀਆ ਦੇ ਹੋਰਨਾਂ ਦੇਸ਼ਾਂ ਵਿੱਚ ਹਥਿਆਰਬੰਦ ਇਨਕਲਾਬ ਲਿਆਉਣ ਵਾਲੀ ਮਾਰਕਸਵਾਦੀ+ਲੈਨਿਨਵਾਦੀ ਵਿਚਾਰਧਾਰਾ ਤੋਂ ਵੀ ਭਗੌੜਾ ਹੋ ਗਈ ਹੈ.

ਪਰ ਜਦੋਂ 1972 ਵਿੱਚ ਅਮਰੀਕਾ ਦੇ ਪ੍ਰਧਾਨ ਰਿਚਰਡ ਨਿਕਸਨ ਨੇ ਚੀਨ ਦਾ ਦੌਰਾ ਕੀਤਾ ਤਾਂ ਚੀਨ ਵੀ ਅਮਨ ਅਤੇ ਸਹਿਹੋਂਦ ਦੀਆਂ ਗੱਲਾਂ ਕਰਨ ਲੱਗਾ.

1979 ਵਿੱਚ ਚੀਨ ਅਤੇ ਅਮਰੀਕਾ ਦਰਮਿਆਨ ਸਫਾਰਤੀ ਸਬੰਧ ਵੀ ਸਥਾਪਤ ਹੋ ਗਏ ਸਨ.

ਉਦੋਂ ਤੱਕ ਚੀਨ ਵਿੱਚ ਪ੍ਰਚਲਿਤ ਕਮਿਊਨਿਸਟ ਵਿਚਾਰਧਾਰਾ ਵਿੱਚ ਵੀ ਬਹੁਤ ਵੱਡੀਆਂ ਤਬਦੀਲੀਆਂ ਆ ਚੁੱਕੀਆਂ ਸਨ.

ਹੌਲੀ ਹੌਲੀ ਚੀਨ ਅਤੇ ਸੋਵੀਅਤ ਯੂਨੀਅਨ/ਰੂਸ ਹੁਣ ਇਸ ਗੱਲ ਦਾ ਪ੍ਰਚਾਰ ਕਰਨ ਲੱਗੇ ਕਿ ਅਸੀਂ ਦੁਨੀਆ ਦੇ ਹੋਰਨਾਂ ਦੇਸ਼ਾਂ ਵਿੱਚ 'ਇਨਕਲਾਬ' ਲਿਆਉਣ ਦੇ ਹੱਕ ਵਿੱਚ ਤਾਂ ਹਾਂ ਪਰ ਉਨ੍ਹਾਂ ਦੇਸ਼ਾਂ ਦੇ ਮਜ਼ਦੂਰ+ਕਿਸਾਨ ਆਪਣੇ ਬਲਬੂਤੇ ਇਨਕਲਾਬ ਲਿਆਉਣ. ਇਸ ਤਰ੍ਹਾਂ ਅਨੇਕਾਂ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀਆਂ ਹਥਿਆਰਬੰਦ ਇਨਕਲਾਬ ਲਿਆਉਣ ਦੇ ਰਾਹ ਤੋਂ ਭਟਕ ਕੇ ਵੋਟਾਂ ਦੇ ਜ਼ਰੀਏ ਇਨਕਲਾਬੀ ਤਬਦੀਲੀਆਂ ਲਿਆਉਣ ਵਿੱਚ ਦਿਲਚਸਪੀ ਲੈਣ ਲੱਗੀਆਂ.

ਭਾਵੇਂ ਕਿ ਇਸ ਤਰ੍ਹਾਂ ਕਰਨ ਨਾਲ ਦੁਨੀਆ ਤੋਂ ਐਟਮੀ-ਯੁੱਧ ਦਾ ਖਤਰਾ ਤਾਂ ਟਲ ਗਿਆ; ਪਰ ਇਸ ਵਿਸ਼ਵ-ਯੁੱਧ ਨੇ ਇੱਕ ਹੋਰ ਨਵਾਂ ਰੂਪ ਧਾਰਨ ਕਰ ਲਿਆ.

ਵਿਸ਼ਵ-ਯੁੱਧ ਦਾ ਨਵਾਂ ਰੂਪ ਸੀ ਵਿਸ਼ਵ ਮੰਡੀਆਂ ਉੱਤੇ ਕਬਜ਼ਾ ਕਰਨ ਦਾ ਯੁੱਧ.

ਹੁਣ ਇਹ ਮੰਡੀ ਕਬਜ਼ਾ ਯੁੱਧ ਅਨੇਕਾਂ ਪਹਿਲੂਆਂ ਤੋਂ ਲੜਿਆ ਜਾਣ ਲੱਗਾ. ਇਹ ਯੁੱਧ ਪਹਿਲਾਂ ਵਾਲੇ ਯੁੱਧ ਤੋਂ ਵੀ ਵਧੇਰੇ ਗੁੰਝਲਦਾਰ ਅਤੇ ਭਿਆਨਕ ਸੀ.

ਹੁਣ ਇਹ ਯੁੱਧ ਨ ਸਿਰਫ ਧਰਤੀ ਦੇ ਵੱਖੋ ਵੱਖ ਹਿੱਸਿਆਂ, ਵੱਖੋ ਵੱਖ ਦੇਸ਼ਾਂ, ਉੱਤੇ ਹੀ ਕਬਜ਼ਾ ਕਰਨ ਦਾ ਯੁੱਧ ਸੀ; ਬਲਕਿ, ਇਹ ਯੁੱਧ ਧਰਤੀ ਦੇ ਵੱਖੋ ਵੱਖ ਹਿੱਸਿਆਂ ਉੱਤੇ, ਵੱਖੋ ਵੱਖ ਦੇਸ਼ਾਂ ਵਿੱਚ, ਰਹਿਣ ਵਾਲੇ ਲੋਕਾਂ ਦੀ ਮਾਨਸਿਕਤਾ ਉੱਤੇ ਕਬਜ਼ਾ ਕਰਨ ਦਾ ਵੀ ਯੁੱਧ ਸੀ. ਇਹ ਯੁੱਧ ਧਰਤੀ ਦੇ ਵੱਖੋ ਵੱਖ ਹਿੱਸਿਆਂ ਉੱਤੇ ਰਹਿ ਰਹੇ ਲੋਕਾਂ ਦੀ ਆਰਥਿਕਤਾ, ਸਭਿਆਚਾਰ, ਸਾਹਿਤ, ਗੀਤ-ਸੰਗੀਤ, ਰਾਜਨੀਤੀ, ਉੱਤੇ ਕਬਜ਼ਾ ਕਰਨ ਦਾ ਵੀ ਯੁੱਧ ਸੀ. ਜਿਸ ਲਈ ਆਧੁਨਿਕ ਵਿਗਿਆਨ ਅਤੇ ਆਧੁਨਿਕ ਟੈਕਨਾਲੋਜੀ ਨੂੰ ਵੀ ਵਰਤਿਆ ਜਾਣ ਲੱਗਾ.

ਪਰ ਜਿਨ੍ਹਾਂ ਲੋਕਾਂ ਨੇ ਮੰਡੀ-ਯੁੱਧ ਦੇ ਨਵੇਂ ਤੌਰ ਤਰੀਕਿਆਂ ਨੂੰ ਮੰਨ ਕੇ ਵੱਡੀਆਂ ਤਾਕਤਾਂ ਦੇ ਗੁਲਾਮ ਹੋਣ ਤੋਂ ਇਨਕਾਰ ਕਰ ਦਿੱਤਾ; ਉਨ੍ਹਾਂ ਦੇਸ਼ਾਂ/ਲੋਕਾਂ ਉੱਤੇ ਇਨ੍ਹਾਂ ਵੱਡੀਆਂ ਫੌਜੀ ਤਾਕਤਾਂ ਅਤੇ ਉਨ੍ਹਾਂ ਦੀ ਜੁੰਡਲੀ ਦੇ ਦੇਸ਼ਾਂ ਨੇ ਹਥਿਆਰਬੰਦ ਹਮਲੇ ਕਰ ਦਿੱਤੇ.

ਪਿਛਲੇ ਕੁਝ ਦਹਾਕਿਆਂ ਵਿੱਚ ਅਸੀਂ ਦੇਖਿਆ ਕਿ ਵੀਅਤਨਾਮ, ਕੋਰੀਆ, ਇਰਾਕ, ਅਫਗਾਨਿਸਤਾਨ, ਸੀਰੀਆ, ਲਿਬੀਆ, ਆਦਿ ਦੇਸ਼ਾਂ ਨੂੰ ਅਜਿਹੀਆਂ ਹਾਲਤਾਂ ਦਾ ਸਾਹਮਣਾ ਕਰਨਾ ਪਿਆ.

ਅਜਿਹੇ ਸਮਿਆਂ ਵਿੱਚ ਅਸੀਂ ਇਹ ਵੀ ਦੇਖਿਆ ਕਿ ਵਿਸ਼ਵ-ਪੱਧਰ ਉੱਤੇ ਮੁਲਕਾਂ ਦਰਮਿਆਨ ਛਿੜੇ ਤਲਖ ਮਸਲਿਆਂ ਦਾ ਨਿਪਟਾਰਾ ਕਰਨ ਅਤੇ ਵਿਸ਼ਵ-ਅਮਨ ਦੀ ਸਥਾਪਤੀ ਲਈ ਬਣਾਈ ਗਈ ਵਿਸ਼ਵ ਸੰਸਥਾ ਯੂ.ਐੱਨ.ਓ.

ਵੀ, ਮਹਿਜ਼, ਕਾਗ਼ਜ਼ੀ ਮਤੇ ਪਾਸ ਕਰਨ ਜੋਗੀ ਇੱਕ ਸੰਸਥਾ ਬਣ ਕੇ ਹੀ ਰਹਿ ਗਈ ਹੈ; ਪਰ ਇਨ੍ਹਾਂ ਮਤਿਆਂ ਨੂੰ ਦੁਨੀਆ ਦਾ ਕੋਈ ਵੀ ਦੇਸ਼ ਲਾਗੂ ਕਰਨ ਲਈ ਤਿਆਰ ਨਹੀਂ ਹੁੰਦਾ. ਵਧੇਰੇ ਹਾਲਤਾਂ ਵਿੱਚ, ਤਾਂ, ਵੱਡੀਆਂ ਤਾਕਤਾਂ ਅਤੇ ਉਨ੍ਹਾਂ ਦੀ ਜੁੰਡਲੀ ਦੇ ਦੇਸ਼ ਓਨੀ ਦੇਰ ਤੱਕ ਯੂ.ਐੱਨ.ਓ. ਵਿੱਚ ਕੋਈ ਮਤਾ ਪਾਸ ਹੀ ਨਹੀਂ ਹੋਣ ਦਿੰਦੇ ਜਦੋਂ ਤੱਕ ਕਿ ਕੋਈ ਮਤਾ ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਨ ਲਿਖਿਆ ਗਿਆ ਹੋਵੇ.

ਉਂਝ, ਜੰਗਬਾਜ਼ਾਂ ਦੇ ਹੋਰ ਵੀ ਅਨੇਕਾਂ ਚਿਹਰੇ ਹੁੰਦੇ ਹਨ.

ਇਹ ਜੰਗਬਾਜ਼ ਰੂਪ ਬਦਲ ਬਦਲ ਕੇ ਜ਼ਹਿਰੀ ਫਨੀਅਰ ਸੱਪਾਂ ਵਾਂਗ ਲੋਕਾਂ ਨੂੰ ਡੰਗ ਮਾਰਦੇ ਰਹਿੰਦੇ ਹਨ.

'ਜੰਗਬਾਜ਼' ਸ਼ਬਦ ਦੇ ਅਰਥ ਸਾਨੂੰ ਅਨੇਕਾਂ ਹੀ ਪੱਖਾਂ ਤੋਂ ਸਮਝਣੇ ਪੈਣਗੇ. ਉਹ ਲੋਕ ਵੀ ਜੰਗਬਾਜ਼ ਹੀ ਹਨ ਜੋ ਕਿ ਧਰਮਾਂ, ਰੰਗਾਂ, ਨਸਲਾਂ, ਜ਼ਾਤਾਂ-ਪਾਤਾਂ, ਊਚ-ਨੀਚ, ਦੇ ਨਾਮ ਉੱਤੇ ਸਮਾਜ ਵਿੱਚ ਨਫ਼ਰਤ ਫੈਲਾਉਂਦੇ ਹਨ ਅਤੇ ਕਤਲੇਆਮ ਕਰਦੇ ਹਨ. ਇਹ ਸਿਲਸਿਲਾ ਦੁਨੀਆ ਦੇ ਅਨੇਕਾਂ ਹਿੱਸਿਆਂ ਵਿੱਚ ਸਦੀਆਂ ਤੋਂ ਚੱਲਦਾ ਆ ਰਿਹਾ ਹੈ. ਦੁਨੀਆ ਦੇ ਅਨੇਕਾਂ ਹਿੱਸਿਆਂ ਵਿੱਚ ਕਾਲੇ ਰੰਗ ਦੇ ਲੋਕਾਂ ਨਾਲ ਪਸ਼ੂਆਂ ਵਾਂਗ ਵਰਤਾਰਾ ਚੱਲਦਾ ਰਿਹਾ ਅਤੇ ਉਨ੍ਹਾਂ ਉੱਤੇ ਹਰ ਤਰ੍ਹਾਂ ਦਾ ਸਰੀਰਕ ਅਤੇ ਮਾਨਸਿਕ ਤਸ਼ੱਦਦ ਚੱਲਦਾ ਰਿਹਾ, ਮਹਿਜ਼, ਇਸ ਕਰਕੇ ਹੀ ਕਿ ਉਨ੍ਹਾਂ ਦੇ ਤਨ ਦਾ ਰੰਗ ਕਾਲਾ ਸੀ. ਆਪਣੇ ਆਪ ਨੂੰ ਦੁਨੀਆ ਦੇ ਸਭ ਤੋਂ ਵੱਧ ਤਰੱਕੀਪਸੰਦ ਅਤੇ ਸੱਭਿਅਕ ਸਮਝਣ ਵਾਲੇ ਦੇਸ਼ਾਂ ਵਿੱਚੋਂ ਅਮਰੀਕਾ ਵਿੱਚ ਅਜੇ ਤੀਹ ਕੁ ਸਾਲ ਪਹਿਲਾਂ ਤੱਕ ਵੀ ਕਾਲੇ ਰੰਗ ਦੇ ਲੋਕਾਂ ਉੱਤੇ ਇਹ ਤਸ਼ੱਦਦ ਹੁੰਦਾ ਰਿਹਾ ਹੈ.

ਇਸੇ ਤਰ੍ਹਾਂ ਹੀ ਹਿੰਦੁਸਤਾਨ ਵਿੱਚ ਵੀ, ਹਜ਼ਾਰਾਂ ਸਾਲਾਂ ਤੋਂ, ਕਰੋੜਾਂ ਲੋਕਾਂ ਨੂੰ ਨੀਚ ਕਹਿ ਕੇ ਉਨ੍ਹਾਂ ਨਾਲ ਹਰ ਤਰ੍ਹਾਂ ਦਾ ਵਿਤਕਰਾ ਕੀਤਾ ਜਾਂਦਾ ਰਿਹਾ ਹੈ, ਉਨ੍ਹਾਂ ਉੱਤੇ, ਹਰ ਤਰ੍ਹਾਂ ਦਾ, ਮਾਨਸਿਕ ਅਤੇ ਸਰੀਰਕ ਤਸ਼ੱਦਦ ਕੀਤਾ ਜਾਂਦਾ ਰਿਹਾ ਹੈ. ਇਨ੍ਹਾਂ ਲੋਕਾਂ ਨੂੰ ਹਿੰਦੂ ਮੰਦਰਾਂ ਵਿੱਚ ਦਾਖਲ ਹੋਣ ਦੀ ਵੀ ਇਜਾਜ਼ਤ ਨਹੀਂ. ਇਹ ਲੋਕ ਜੇਕਰ ਕਿਸੀ ਹਿੰਦੂ ਧਾਰਮਿਕ ਗ੍ਰੰਥ ਦਾ ਕੋਈ ਸ਼ਲੋਕ ਆਪਣੇ ਕੰਨਾਂ ਨਾਲ ਸੁਣ ਲੈਂਦੇ ਸਨ ਤਾਂ ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ. ਇੱਥੋਂ ਤੱਕ ਕਿ ਉਨ੍ਹਾਂ ਨੂੰ ਖੂਹਾਂ ਤੋਂ ਪਾਣੀ ਵੀ ਭਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਜਾਂਦੀ.

ਅਜੋਕੇ ਸਮਿਆਂ ਵਿੱਚ, ਉਨ੍ਹਾਂ ਲੋਕਾਂ ਨੂੰ ਵੀ ਜੰਗਬਾਜ਼ ਕਹਿਣਾ ਜਾਇਜ਼ ਸਮਝਿਆ ਜਾਏਗਾ ਜਿਨ੍ਹਾਂ ਲੋਕਾਂ ਨੇ, ਮਹਿਜ਼, ਆਪਣੀਆਂ, ਤਜੌਰੀਆਂ ਭਰਨ ਲਈ ਘਰ ਘਰ ਨਸ਼ੀਲੇ ਪਦਾਰਥ ਪਹੁੰਚਾ ਦਿੱਤੇ ਹਨ ਅਤੇ ਦਰਿਆਵਾਂ ਵਿੱਚ ਆਪਣੀਆਂ ਫੈਕਟਰੀਆਂ ਦਾ ਜ਼ਹਿਰੀਲਾ ਕੂੜਾ-ਕਰਕਟ ਸੁੱਟ ਕੇ ਦਰਿਆਵਾਂ ਦਾ ਪਾਣੀ ਜ਼ਹਿਰੀਲਾ ਬਣਾ ਦਿੱਤਾ ਹੈ. ਆਪਣਾ ਮੁਨਾਫ਼ਾ ਵਧਾਉਣ ਲਈ ਫਸਲਾਂ ਉੱਤੇ ਬੇਤਹਾਸ਼ਾ ਕੈਮੀਕਲ ਪਦਾਰਥ ਛਿੜਕ ਛਿੜਕ ਕੇ ਕੈਂਸਰ ਵਰਗੀਆਂ

ਭਿਆਨਕ ਬੀਮਾਰੀਆਂ ਦਾ ਪਾਸਾਰ ਕਰ ਦਿੱਤਾ ਹੈ.

ਇਨ੍ਹਾਂ ਨਸ਼ਿਆਂ ਦੇ ਵਿਉਪਾਰੀਆਂ, ਇਨ੍ਹਾਂ ਜੰਗਬਾਜ਼ਾਂ, ਦੇ ਅਜਿਹੇ ਕਾਰਨਾਮਿਆਂ ਸਦਕਾ ਪਿੰਡ, ਪਿੰਡ, ਸ਼ਹਿਰ, ਸ਼ਹਿਰ, ਗਲੀ, ਗਲੀ, ਨੌਜੁਆਨ ਮੁੰਡੇ/ਕੁੜੀਆਂ ਖਤਰਨਾਕ ਕਿਸਮ ਦੇ ਨਸ਼ਿਆਂ ਦੀ ਵਰਤੋਂ ਕਰਨ ਸਦਕਾ ਲਾਸ਼ਾਂ ਬਣ ਬਣ ਸੜਕਾਂ ਕਿਨਾਰੇ, ਖੇਤਾਂ ਵਿੱਚ, ਡਿੱਗੇ ਮਿਲ ਰਹੇ ਹਨ.

ਇੱਥੇ ਮੈਂ ਇਹ ਗੱਲ ਵੀ ਬੜੇ ਹੀ ਸਪੱਸ਼ਟ ਸ਼ਬਦਾਂ ਵਿੱਚ ਕਹਿਣੀ ਚਾਹੁੰਦਾ ਹਾਂ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਜ਼ਾਲਮ ਹਕੂਮਤਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ ਵੀ ਲੋਕ/ਦੇਸ਼ ਜੰਗਾਂ ਲੜਦੇ ਹਨ. ਕਿਸੀ ਵੀ ਜੰਗ ਦਾ ਹਿੱਸਾ ਬਨਣ ਤੋਂ ਪਹਿਲਾਂ ਇਹ ਗੱਲ ਬਹੁਤ ਹੀ ਸਪੱਸ਼ਟ ਰੂਪ ਵਿੱਚ ਸਮਝਣੀ ਜ਼ਰੂਰੀ ਹੁੰਦੀ ਹੈ ਕਿ ਕੋਈ ਜੰਗ ਕਿਉਂ ਲੜੀ ਜਾ ਰਹੀ ਹੈ? ਕੀ ਕੋਈ ਜੰਗ ਆਮ ਲੋਕਾਂ ਦੇ ਹੱਕਾਂ ਦੀ ਪ੍ਰਾਪਤੀ ਜਾਂ ਆਜ਼ਾਦੀ ਪ੍ਰਾਪਤ ਕਰਨ ਲਈ ਲੜੀ ਜਾ ਰਹੀ ਹੈ ਕਿ ਆਮ ਲੋਕਾਂ ਨੂੰ ਗੁਲਾਮ ਬਨਾਉਣ ਲਈ ਲੜੀ ਜਾ ਰਹੀ ਹੈ?

ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਮੈਂ ਆਪਣੀ ਕਵਿਤਾ ਦੀ ਨਵੀਂ ਕਿਤਾਬ 'ਜੰਗਬਾਜ਼ਾਂ ਦੇ ਖਿਲਾਫ਼' ਉੱਤੇ ਕੰਮ ਕਰਨ ਬਾਰੇ ਸੋਚਿਆ.

ਅੱਜ ਜਦੋਂ ਕਿ ਦੁਨੀਆ ਵਿੱਚ, ਇੱਕ ਵਾਰ ਫੇਰ, ਤੀਜੇ ਮਹਾਂ-ਯੁੱਧ ਦੇ ਬੱਦਲ ਛਾਏ ਹੋਏ ਹਨ ਤਾਂ ਮੈਂ ਸਮਝਦਾ ਹਾਂ ਕਿ ਵਿਸ਼ਵ ਭਰ ਦੇ ਲੇਖਕਾਂ/ਅਦੀਬਾਂ/ ਕਲਾਕਾਰਾਂ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਜੰਗਬਾਜ਼ਾਂ ਖਿਲਾਫ਼ ਅਤੇ ਵਿਸ਼ਵ-ਅਮਨ ਦੀ ਸਥਾਪਤੀ ਲਈ ਆਪਣੀ ਆਵਾਜ਼ ਪੂਰੀ ਸ਼ਿੱਦਤ ਨਾਲ ਬੁਲੰਦ ਕਰੀਏ. ਕਿਉਂਕਿ :

ਅਮਨ ਵਿੱਚ-
-ਫੁੱਲ ਖਿੜਦੇ ਹਨ
-ਤਿਤਲੀਆਂ ਉੱਡਦੀਆਂ ਹਨ
-ਫਸਲਾਂ ਲਹਿਲਹਾਂਦੀਆਂ ਹਨ
-ਲੋਕ ਮੁਸਕਰਾਂਦੇ ਹਨ
ਜੰਗ ਵਿੱਚ-
-ਫਸਲਾਂ ਸੜਦੀਆਂ ਹਨ
-ਲਾਸ਼ਾਂ ਦੇ ਅੰਬਾਰ ਲੱਗਦੇ ਹਨ
-ਇਮਾਰਤਾਂ ਖੰਡਰ ਬਣਦੀਆਂ ਹਨ
-ਘਰਾਂ ਦੇ ਚੁੱਲ੍ਹਿਆਂ ਵਿੱਚ ਸਵਾਹ ਉੱਡਦੀ ਹੈ

ਇਨ੍ਹਾਂ ਸਾਰੀਆਂ ਗੱਲਾਂ ਨੂੰ ਹੀ ਇਸ ਪੁਸਤਕ ਵਿੱਚ ਸ਼ਾਮਿਲ ਕੀਤੀਆਂ ਗਈਆਂ ਕਵਿਤਾਵਾਂ ਵਿੱਚ ਬੜੇ ਵਿਸਥਾਰ ਨਾਲ ਵਿਚਾਰਿਆ ਗਿਆ ਹੈ.

ਦਰਅਸਲ, ਇਸ ਪੁਸਤਕ ਵਿੱਚ ਮੈਂ ਜੰਗਬਾਜ਼ਾਂ ਖਿਲਾਫ਼ ਲਿਖੀਆਂ ਗਈਆਂ ਆਪਣੀਆਂ ਸਿਰਫ ਕੁਝ ਨਵੀਆਂ ਨਜ਼ਮਾਂ ਹੀ ਸ਼ਾਮਿਲ ਨਹੀਂ ਕੀਤੀਆਂ ਹਨ; ਬਲਕਿ, ਜੰਗਬਾਜ਼ਾਂ ਖਿਲਾਫ਼ ਲਿਖੀਆਂ ਆਪਣੀਆਂ ਉਹ ਸਾਰੀਆਂ ਨਜ਼ਮਾਂ

ਵੀ ਸ਼ਾਮਿਲ ਕੀਤੀਆਂ ਹਨ ਜੋ ਕਿ ਮੈਂ ਪਿਛਲੇ ਤਕਰੀਬਨ 45 ਸਾਲਾਂ ਵਿੱਚ ਲਿਖੀਆਂ ਅਤੇ ਜੋ ਕਿ ਹੁਣ ਤੱਕ ਪ੍ਰਕਾਸ਼ਤ ਹੋਈਆਂ ਮੇਰੀਆਂ ਕਵਿਤਾ ਦੀਆਂ ਪੁਸਤਕਾਂ ਵਿੱਚ ਵੀ ਸ਼ਾਮਿਲ ਹਨ.

ਇਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ 'ਜੰਗਬਾਜ਼ਾਂ ਦੇ ਖਿਲਾਫ਼' ਕਾਵਿ-ਸੰਗ੍ਰਹਿ ਵਿੱਚ ਮੈਂ 'ਜੰਗ' ਵਿਸ਼ੇ ਨਾਲ ਸਬੰਧਤ ਉਹ ਆਪਣੀਆਂ ਸਾਰੀਆਂ ਹੀ ਨਜ਼ਮਾਂ ਸ਼ਾਮਿਲ ਕੀਤੀਆਂ ਹਨ ਜੋ ਕਿ ਮੈਂ ਪਿਛਲੇ 45 ਕੁ ਸਾਲ ਵਿੱਚ ਲਿਖੀਆਂ ਹਨ.

ਮੇਰਾ ਖਿਆਲ ਹੈ ਕਿ ਪੰਜਾਬੀ ਵਿੱਚ ਜੰਗ ਦੇ ਵਿਸ਼ੇ ਨੂੰ ਲੈ ਕੇ ਇਸ ਤਰ੍ਹਾਂ ਦੀ ਕੋਈ ਕਾਵਿ-ਕਿਤਾਬ ਪ੍ਰਕਾਸ਼ਿਤ ਕਰਨ ਵਾਲਾ ਵਿਸ਼ਵ ਵਿੱਚ ਮੈਂ ਪਹਿਲਾ ਪੰਜਾਬੀ ਕਵੀ ਹੋਵਾਂਗਾ.

ਮੈਂ ਇਹ ਗੱਲ ਕਹਿਣ ਵਿੱਚ ਵੀ ਕੋਈ ਝਿਜਕ ਮਹਿਸੂਸ ਨਹੀਂ ਕਰਦਾ ਕਿ ਪੰਜਾਬੀ ਸਾਹਿਤ ਦੇ ਵਧੇਰੇ ਪਾਠਕ, ਸਾਹਿਤਕਾਰ, ਆਲੋਚਕ, ਪੱਤਰਕਾਰ, ਬੁੱਧੀਜੀਵੀ, ਨ ਤਾਂ ਉਹ ਜੰਗ ਵਿਰੋਧੀ ਨਜ਼ਮਾਂ ਪੜ੍ਹਣੀਆਂ ਪਸੰਦ ਕਰਦੇ ਹਨ ਅਤੇ ਨ ਹੀ ਉਹ ਅਮਨ ਬਾਰੇ ਲਿਖੀਆਂ ਨਜ਼ਮਾਂ ਹੀ ਪੜ੍ਹਣੀਆਂ ਪਸੰਦ ਕਰਦੇ ਹਨ.

ਮੈਨੂੰ ਇਸਦਾ ਮੂਲ ਕਾਰਨ ਇਹ ਲੱਗਦਾ ਹੈ ਕਿ ਪੰਜਾਬੀ ਸਾਹਿਤ ਦੇ ਪਾਠਕ, ਸਾਹਿਤਕਾਰ, ਅਲੋਚਕ ਵਧੇਰੇ ਕਰਕੇ ਪੰਜਾਬ ਦੇ ਪਿੰਡਾਂ ਵਿੱਚ ਹੀ ਪੈਦਾ ਹੋਏ ਹੁੰਦੇ ਹਨ ਅਤੇ ਪਿੰਡਾਂ ਦੇ ਲੋਕ ਢਾਡੀਆਂ/ਕਵੀਸ਼ਰਾਂ ਦਾ ਕਥਾ/ਕੀਰਤਨ ਸੁਣਕੇ ਹੀ ਜਵਾਨ ਹੁੰਦੇ ਹਨ/ਹੁੰਦੀਆਂ ਹਨ.

ਇਹ ਢਾਡੀ/ਕਵੀਸ਼ਰ ਹਮੇਸ਼ਾ, ਤਰੰਨਮ ਵਿੱਚ, ਅਜਿਹੇ ਹੀ ਗੀਤਾਂ/ਕਵੀਸ਼ਰੀਆਂ ਦੀ ਪੇਸ਼ਕਾਰੀ ਕਰਦੇ ਹਨ ਜਿਨ੍ਹਾਂ ਵਿੱਚ ਜ਼ਿੰਦਗੀ ਦਾ ਮੂਲ-ਮਨੋਰਥ ਯੁੱਧ-ਭੂਮੀ ਵਿੱਚ ਜਾ ਕੇ ਸ਼ਹੀਦੀ ਪਾਣਾ ਹੀ ਹੁੰਦਾ ਹੈ.

ਸ਼ਾਇਦ ਹੀ ਕਦੀ, ਕਿਸੀ, ਢਾਡੀ/ਕਵੀਸ਼ਰ ਨੇ ਆਪਣੀ ਕਵੀਸ਼ਰੀ ਵਿੱਚ ਕਿਸੀ ਜੰਗ ਦਾ ਵਿਰੋਧ ਕੀਤਾ ਹੋਵੇ ਜਾਂ ਅਮਨ ਦੀਆਂ ਸਿਫਤਾਂ ਕੀਤੀਆਂ ਹੋਣ.

ਸ਼ਾਇਦ, ਇਸੀ ਕਾਰਨ ਹੀ ਪੰਜਾਬੀਆਂ ਦੀ ਆਮ ਜ਼ਿੰਦਗੀ ਵਿੱਚ ਵੀ, ਆਮ ਭਾਸ਼ਨਕਾਰ ਵੀ, ਹਮੇਸ਼ਾ ਸ਼ਹੀਦੀ ਪਾਣ ਨੂੰ ਹੀ ਆਪਣਾ ਅਤੇ ਸਰੋਤਿਆਂ/ਦਰਸ਼ਕਾਂ ਦੀ ਜ਼ਿੰਦਗੀ ਦਾ ਮੂਲ-ਮਨੋਰਥ ਦਰਸਾਂਦੇ ਹਨ.

'ਜੰਗਬਾਜ਼ਾਂ ਦੇ ਖ਼ਿਲਾਫ਼' ਕਾਵਿ-ਸੰਗ੍ਰਹਿ ਨੂੰ ਵਧੀਆ ਢੰਗ ਨਾਲ ਛਾਪ ਕੇ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਲਈ ਮੈਂ ਸਪਤਰਿਸ਼ੀ ਪ੍ਰਕਾਸ਼ਨ ਦੇ ਡਾ. ਬਲਦੇਵ ਸਿੰਘ ਹੋਰਾਂ ਦਾ ਧੰਨਵਾਦ ਕਰਨਾ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ.

ਮਈ 15, 2024

-ਸੁਖਿੰਦਰ
ਸੰਪਾਦਕ : ਸੰਵਾਦ
ਮਾਲਟਨ, ਕੈਨੇਡਾ

# ਜੰਗਬਾਜ਼ਾਂ ਦੇ ਖਿਲਾਫ਼

ਨਿਹੱਥੇ ਲੋਕਾਂ ਨੂੰ ਘਰਾਂ 'ਚ ਘੇਰ
ਉਨ੍ਹਾਂ ਉੱਤੇ, ਬੰਬਾਂ ਦੀ ਵਰਖਾ ਕਰ
ਜੇਕਰ, ਮਾਸੂਮਾਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
' ਲਾਹਨਤ ਹੈ, ਤੁਹਾਡੇ 'ਤੇ'

ਬੀਮਾਰਾਂ, ਬੱਚਿਆਂ, ਬਜ਼ੁਰਗਾਂ, ਮਰਦਾਂ, ਔਰਤਾਂ, ਦੀ
ਸੇਵਾ-ਸੰਭਾਲ ਕਰ ਰਹੇ ਹਸਪਤਾਲਾਂ ਦੀਆਂ
ਇਮਾਰਤਾਂ ਨੂੰ ਤਹਿਸ-ਨਹਿਸ ਕਰ
ਜੇਕਰ, ਬੇਗੁਨਾਹਾਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਮਨੁੱਖੀ ਹੱਕਾਂ ਦਾ ਘਾਣ ਕਰ
ਭੁੱਖੇ, ਪਿਆਸੇ, ਲੋਕਾਂ ਨੂੰ ਤੜਪਾ ਤੜਪਾ ਕੇ
ਜੇਕਰ, ਨਿਤਾਣਿਆਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਗੁੰਡਾ ਮਹਾਂ ਸ਼ਕਤੀ ਦੇ ਇਸ਼ਾਰਿਆਂ 'ਤੇ ਤਾਂਡਵ-ਨਾਚ ਕਰ
ਲੱਖਾਂ ਲੋਕਾਂ ਨੂੰ ਘਰਾਂ ਤੋਂ ਉਜਾੜ ਕੇ
ਜੇਕਰ, ਡਰ ਨਾਲ ਸਹਿਮਿਆਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-

ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਕਿਹੋ ਜਿਹੇ ਸਮਿਆਂ 'ਚ
ਜੀਅ ਰਹੇ ਹਾਂ, ਅਸੀਂ-

ਜ਼ਿੰਦਗੀ ਦੇ ਹਰ ਖੇਤਰ 'ਚ ਹੀ
ਭੂਸਰੇ ਹੋਏ ਸਾਹਨ ਦਨਦਨਾਂਦੇ ਫਿਰਦੇ ਹਨ

ਕਾਤਲ ਹਕੂਮਤਾਂ ਦੇ, ਖ਼ੂਨੀ ਫੌਜੀ ਦਸਤੇ
ਲਾਸ਼ਾਂ ਦੇ ਢੇਰ ਲਗਾਂਦੇ ਫਿਰਦੇ ਹਨ
■

(ਮਾਲਟਨ, ਅਕਤੂਬਰ 28, 2023)

## ਹਵਸ

ਹਰ ਜੰਗ ਦੀ
ਜੜ੍ਹ ਹੈ, ਹਵਸ-

ਕਿਸੀ ਨੂੰ, ਹਵਸ ਹੈ
ਧਰਤੀ ਦੇ ਵਾਧੂ ਹਿੱਸੇ 'ਤੇ
ਕਬਜ਼ਾ ਕਰਨ ਦੀ

ਕਿਸੀ ਨੂੰ, ਹਵਸ ਹੈ
ਮਾਰੂ-ਹਥਿਆਰ ਵੇਚਣ ਦੇ ਧੰਦੇ ‘ਤੇ
ਕਬਜ਼ਾ ਕਰਨ ਦੀ

ਕਿਸੀ ਨੂੰ, ਹਵਸ ਹੈ
ਗਲੋਬਲ ਮੰਡੀਆਂ ‘ਤੇ
ਕਬਜ਼ਾ ਕਰਨ ਦੀ

ਕਿਸੀ ਨੂੰ, ਹਵਸ ਹੈ
ਵਿਸ਼ਵ-ਸੰਚਾਰ ਮੀਡੀਆ ‘ਤੇ
ਕਬਜ਼ਾ ਕਰਨ ਦੀ

ਕਿਸੀ ਨੂੰ, ਹਵਸ ਹੈ
ਵਾਧੂ ਧੰਨ-ਦੌਲਤ 'ਤੇ
ਕਬਜ਼ਾ ਕਰਨ ਦੀ

ਕਿਸੀ ਨੂੰ, ਹਵਸ ਹੈ
ਖੂਬਸੂਰਤ ਔਰਤ 'ਤੇ
ਕਬਜ਼ਾ ਕਰਨ ਦੀ

ਕਿਸੀ ਨੂੰ, ਹਵਸ ਹੈ
ਰਾਜਸਿੰਘਾਸਨ 'ਤੇ

ਕਬਜ਼ਾ ਕਰਨ ਦੀ

ਦ੍ਰੋਪਦੀ ਦੀ ਹਵਸ ਨੇ ਸੀ
ਕੌਰਵ-ਪਾਂਡਵ ਦਰਮਿਆਨ
ਮਹਾਂ-ਭਾਰਤ ਯੁੱਧ ਨੂੰ ਜਨਮ ਦਿੱਤਾ

ਸੀਤਾ ਦੀ ਹਵਸ ਨੇ ਸੀ
ਰਾਮ-ਰਾਵਣ ਦਰਮਿਆਨ
ਲੰਕਾ-ਯੁੱਧ ਨੂੰ ਜਨਮ ਦਿੱਤਾ

ਹੈਲਨ ਦੀ ਹਵਸ ਨੇ ਸੀ
ਪੈਰਿਸ-ਮੈਨੇਲਸ ਦਰਮਿਆਨ
ਗ੍ਰੀਕ-ਟਰੋਇ ਯੁੱਧ ਨੂੰ ਜਨਮ ਦਿੱਤਾ

ਕਲਿਓਪੈਟਰਾ ਦੀ ਹਵਸ ਨੇ ਸੀ
ਐਨਟਨੀ-ਓਕਟੇਵੀਅਨ ਦਰਮਿਆਨ
ਰੋਮਨ-ਈਜਿਪਟ ਯੁੱਧ ਨੂੰ ਜਨਮ ਦਿੱਤਾ

ਰਾਜਸਿੰਘਾਸਨ ਦੀ ਹਵਸ ਖਾਤਰ ਹੀ
ਔਰੰਗਜ਼ੇਬ ਨੇ, ਆਪਣੇ, ਸਾਕ-ਸੰਬੰਧੀਆਂ ਨੂੰ
ਕੈਦਖਾਨਿਆਂ ਵਿੱਚ ਸੁੱਟਿਆ ਸੀ

ਰਾਜਸਿੰਘਾਸਨ ਦੀ ਹਵਸ ਖਾਤਰ ਹੀ
ਡੋਗਰਿਆਂ ਨੇ, ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਨੂੰ
ਸ਼ਰੇਆਮ ਕਤਲ ਕੀਤਾ ਸੀ
ਰਾਜਸਿੰਘਾਸਨ ਦੀ ਹਵਸ ਖਾਤਰ ਹੀ
ਗਾਂਧੀ ਨੇ, ਕ੍ਰਾਂਤੀਕਾਰੀ ਭਗਤ ਸਿੰਘ ਅਤੇ ਸਾਥੀਆਂ ਨੂੰ
ਫਾਂਸੀ ਦੀ ਸਜ਼ਾ ਹੋਣ ਦਿੱਤੀ ਸੀ

ਬੰਦੇ ਅੰਦਰ, ਜਦ
ਹਵਸ ਜਾਗਦੀ ਹੈ-
ਤਾਂ, ਬੰਦਾ, ਆਪਣੀ
ਔਕਾਤ ਭੁੱਲ ਜਾਂਦਾ ਹੈ ■

(ਮਾਲਟਨ, ਜਨਵਰੀ 14, 2024)

# ਗੁੰਡਿਆਂ ਦੀ ਸਲਤਨਤ

ਗੁੰਡਿਆਂ ਦੀ ਸਲਤਨਤ ਦੀ
ਪਿੱਠ ਥਪਥਪਾ ਕੇ
ਹਥਿਆਰਾਂ ਦੇ, ਸਭ ਤੋਂ ਵੱਡੇ
ਸਰਮਾਏਦਾਰ, ਵਿਉਪਾਰੀ, ਨੇ
ਕਿਹਾ :
ਐਹ ਲਵੋ! ਮਿਜ਼ਾਈਲਾਂ, ਟੈਂਕ, ਤੋਪਾਂ
ਫੌਜੀ ਜਹਾਜ਼, ਬਖਤਰਬੰਦ ਗੱਡੀਆਂ, ਏਕੇ-47 ਮਸ਼ੀਨ ਗੰਨਾਂ
ਜਾਓ! ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਔਰਤਾਂ, ਦੀਆਂ
ਲਾਸ਼ਾਂ  ਦੇ ਢੇਰ ਲਗਾ ਦਿਓ-
ਸ਼ਹਿਰ ਦੀਆਂ, ਸਭ, ਉੱਚੀਆਂ, ਇਮਾਰਤਾਂ
ਸਕੂਲਾਂ, ਕਾਲਿਜਾਂ, ਹਸਪਤਾਲਾਂ, ਘਰਾਂ, ਨੂੰ
ਮਿੱਟੀ 'ਚ ਮਿਲਾ ਦਿਓ, ਖੰਡਰ ਬਣਾ ਦਿਓ
ਉਹ, ਜੋ, ਲੋਕ, ਆਪਣੇ ਆਪ ਨੂੰ
ਆਖਦੇ ਹਨ ਫਲਸਤੀਨੀ-
ਉਨ੍ਹਾਂ ਤੋਂ, ਜਿਉਣ ਦੇ
ਸਭ, ਮਨੁੱਖੀ, ਹੱਕ ਖੋਹ ਲਵੋ

ਗੁੰਡਿਆਂ ਦੀ ਸਲਤਨਤ ਦੀ
ਪਿੱਠ ਥਪਥਪਾ ਕੇ
ਹਥਿਆਰਾਂ ਦੇ, ਸਭ ਤੋਂ ਵੱਡੇ
ਸਰਮਾਏਦਾਰ, ਵਿਉਪਾਰੀ, ਨੇ
ਕਿਹਾ:
ਆਦਮ-ਬੋਅ, ਆਦਮ-ਬੋਅ, ਕਰਦਿਆਂ
ਸ਼ਹਿਰ ਦੀਆਂ, ਸਭ, ਸੜਕਾਂ, ਚੌਰਸਤੇ, ਬਾਜ਼ਾਰ
ਮਨੁੱਖੀ, ਖ਼ੂਨ ਨਾਲ ਲੱਥ-ਪੱਥ ਕਰ ਦਿਓ
ਉਹ, ਜੋ, ਲੋਕ, ਆਪਣੇ-ਆਪ ਨੂੰ
ਆਖਦੇ ਹਨ ਫਲਸਤੀਨੀ-
ਉਨਾਂ ਨੂੰ, ਘਰੋਂ-ਬੇਘਰ ਕਰਕੇ
ਉਨਾਂ ਉੱਤੇ, ਬੰਬਾਂ ਦੀ ਬਰਖਾ ਕਰੋ

ਉਨਾਂ ਦੇ, ਜਿਸਮਾਂ ਨੂੰ ਟੁੱਕੜੇ ਟੁੱਕੜੇ ਕਰੋ
ਉਨਾਂ ਦੇ, ਅੰਗਾਂ ਨੂੰ ਚੀਥੜਾ ਚੀਥੜਾ ਕਰੋ
ਗੁੰਡਿਆਂ ਦੀ ਸਲਤਨਤ ਦੀ
ਪਿੱਠ ਥਪਥਪਾ ਕੇ
ਹਥਿਆਰਾਂ ਦੇ, ਸਭ ਤੋਂ ਵੱਡੇ
ਸਰਮਾਏਦਾਰ, ਵਿਉਪਾਰੀ, ਨੇ
ਕਿਹਾ:
ਕਾਤਲੋ, ਬੁੱਚੜੋ, ਕਿਸਾਈਓ
ਮਾਸੂਮਾਂ, ਬੇਗੁਨਾਹਾਂ, ਔਰਤਾਂ, ਬਾਲਾਂ, ਨੂੰ ਜਿਉਂਦੇ ਜੀਅ
ਉੱਚ, ਇਮਾਰਤਾਂ ਦੇ, ਮਲਬੇ ਹੇਠ ਦੱਬ ਦਿਓ
ਉਹ, ਜੋ, ਲੋਕ, ਆਪਣੇ-ਆਪ ਨੂੰ
ਆਖਦੇ ਹਨ ਫਲਸਤੀਨੀ-
ਉਨ੍ਹਾਂ ਦੀਆਂ, ਚੀਖਾਂ, ਚਿੰਗਾਰਾਂ, ਨੂੰ ਵੱਜਣ ਦਿਓ
ਉਨ੍ਹਾਂ ਦੇ, ਜਿਸਮਾਂ ਦੇ, ਅੰਗਾਂ ਨੂੰ ਕੁੱਤਿਆਂ ਨੂੰ ਚੱਟਣ ਦਿਓ
ਉਨਾਂ ਦੇ, ਜਿਸਮਾਂ ਦੇ, ਢੇਰਾਂ ਨੂੰ ਕਬਰਸਤਾਨਾਂ 'ਚ ਬਦਲਣ ਦਿਓ

ਗੁੰਡਿਆਂ ਦੀ ਸਲਤਨਤ ਦੀ
ਪਿੱਠ ਥਪਥਪਾ ਕੇ
ਹਥਿਆਰਾਂ ਦੇ, ਸਭ ਤੋਂ ਵੱਡੇ
ਸਰਮਾਏਦਾਰ, ਵਿਉਪਾਰੀ, ਨੇ
ਪਾਗਲਾਂ ਵਰਗਾ, ਹਾਸਾ-ਹੱਸਦਿਆਂ
ਕਿਹਾ :
ਦੁਨੀਆ ਭਰ ਦਾ, ਵਿਕਾਊ ਮੀਡੀਆ
ਰੇਡੀਓ, ਟੀ.ਵੀ., ਇੰਟਰਨੈੱਟ, ਅਖਬਾਰ, ਮੈਗਜ਼ੀਨ
ਤੁਹਾਡੇ, ਇਨ੍ਹਾਂ, ਸਭ, ਦੁਸ਼ਟ, ਕੰਮਾਂ ਬਾਰੇ
ਇੱਕ ਵੀ, ਕੋਈ, ਸ਼ਬਦ ਨਹੀਂ ਬੋਲੇਗਾ

ਉਨ੍ਹਾਂ ਦੀਆਂ, ਥਾਲੀਆਂ ਵਿੱਚ
ਅਸੀਂ, ਭੀਖ ਵਜੋਂ
ਅਮਰੀਕਨ, ਡਾਲਰਾਂ ਦੀਆਂ ਭਰੀਆਂ
ਥੈਲੀਆਂ ਪਰੋਸ ਚੁੱਕੇ ਹਾਂ

ਉਨ੍ਹਾਂ ਦੇ ਪੈਰਾਂ 'ਚ, ਅਸੀਂ
ਤਵਾਇਫਾਂ ਵਾਂਗ, ਸਾਡੇ

ਇਸ਼ਾਰਿਆਂ 'ਤੇ, ਨੱਚਣ ਲਈ
ਘੁੰਗਰੂ ਬੰਨ੍ਹ ਚੁੱਕੇ ਹਾਂ
■

(ਮਾਲਟਨ, ਜਨਵਰੀ 14, 2024)

# ਹਥਿਆਰਾਂ ਦੇ ਵਿਉਪਾਰੀ

ਧਰਤੀ ਦੇ ਚੱਪੇ, ਚੱਪੇ, ਉੱਤੇ
ਜੰਗ ਦੇ ਭਾਂਬੜ ਬਾਲਣਾ
ਉਨਾਂ ਦਾ, ਧੰਦਾ ਹੈ-

ਯੂਕਰੇਨ, ਗਾਜ਼ਾ, ਸੂਡਾਨ, ਯਮਨ, ਸੀਰੀਆ, ਸੋਮਾਲੀਆ, ਨਾਇਜੀਰੀਆ
ਜੰਗਬਾਜ਼ਾਂ ਲਈ, ਮਹਿਜ਼, ਜੰਗੀ ਖੇਡਾਂ ਖੇਡਣ ਦੇ ਮੈਦਾਨ ਹਨ
ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਔਰਤਾਂ, ਦੇ
ਜਿਸਮਾਂ ਨੂੰ, ਬੰਬਾਂ ਦੀ ਬਰਖਾ ਕਰਕੇ
ਚੀਥੜਾ, ਚੀਥੜਾ, ਕਰਨਾ
ਧਰਤੀ ਨੂੰ, ਮਨੁੱਖੀ ਖ਼ੂਨ ਨਾਲ
ਲਾਲੋ ਲਾਲ ਕਰਨਾ, ਉਨ੍ਹਾਂ ਦੇ
ਵਿਉਪਾਰਕ ਧੰਦੇ ਦੀਆਂ, ਮਹਿਜ਼
ਮੁੱਢਲੀਆਂ, ਲੋੜਾਂ ਹਨ

ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਹਸਪਤਾਲਾਂ, ਨੂੰ
ਤਹਿਸ-ਨਹਿਸ ਕਰਕੇ
ਹੱਸਦੇ-ਵੱਸਦੇ, ਘਰਾਂ ਨੂੰ ਖੰਡਰ ਬਣਾਕੇ
ਗਿਰਜਿਆਂ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਵਿੱਚ
ਭੀੜਾਂ ਇਕੱਠੀਆਂ ਕਰਕੇ, ਚਿਹਰਿਆਂ ਉੱਤੇ
ਸ਼ਰਾਫਤ ਦੇ ਮੁਖੌਟੇ ਚੜ੍ਹਾਕੇ
ਜੰਗ ਵਿੱਚ ਮਾਰੇ ਗਏ, ਬੇਗੁਨਾਹਾਂ, ਮਾਸੂਮਾਂ, ਦੀਆਂ
ਆਤਮਾਵਾਂ ਦੀ ਸ਼ਾਂਤੀ ਲਈ
ਰੱਬ ਅੱਗੇ, ਉਹ, ਅਰਦਾਸ ਕਰਨਗੇ

ਮਨੁੱਖਤਾ ਦੇ, ਇਹ, ਕਾਤਲ
ਜੰਗ ਵਿੱਚ, ਅਪਾਹਜ ਹੋਏ ਲੋਕਾਂ
ਯਤੀਮ ਹੋ ਗਿਆਂ, ਬੱਚਿਆਂ, ਨਾਲ
ਕੋਝਾ, ਮਜ਼ਾਕ ਕਰਨ ਲਈ
ਟੀਵੀ ਕੈਮਰਿਆਂ ਦੀ, ਚਕਾਚੌਂਧ ਸਾਹਮਣੇ

ਉਨ੍ਹਾਂ ਨੂੰ, ਭੀਖ ਵਜੋਂ
ਰੋਟੀ, ਕੱਪੜਾ, ਡਾਲਰਾਂ ਦੇ ਕੁਝ ਸਿੱਕੇ
ਉਨ੍ਹਾਂ ਦੀ, ਝੋਲੀ ਪਾਉਣਗੇ

ਉਨ੍ਹਾਂ ਦੇ ਪਾਲਤੂ
ਰੇਡੀਓ, ਟੀਵੀ, ਇੰਟਰਨੈੱਟ, ਅਖਬਾਰੀ, ਪੱਤਰਕਾਰ
ਇਨ੍ਹਾਂ, ਮੁਖੌਟਾਧਾਰੀ, ਜੰਗਬਾਜ਼, ਕਾਤਲਾਂ ਦੀਆਂ
ਬਖਸ਼ਿਸ਼ਾਂ ਦੇ ਗੁਣ ਗਾਉਣਗੇ-

ਇੰਝ, ਇਹ, ਜੰਗਬਾਜ਼
ਜੰਗ ਵਿੱਚ, ਚੀਥੜਾ, ਚੀਥੜਾ, ਹੋਏ
ਬੇਗੁਨਾਹ, ਮਾਸੂਮ, ਲੋਕਾਂ ਦੀਆਂ ਰੂਹਾਂ ਨੂੰ
ਇੱਕ ਵਾਰ, ਫਿਰ
ਸੂਲੀ 'ਤੇ ਚੜ੍ਹਾਉਣਗੇ

ਇਹ ਕਾਤਲ, ਇੱਕ ਵਾਰ, ਫਿਰ
ਭੋਲੀ-ਭਾਲੀ, ਜਨਤਾ ਦੇ ਮਨਾਂ ਵਿੱਚ
ਭਰਮ ਪਾਲਣ ਲਈ-
ਟੀਵੀ ਦੇ, ਵੱਡ-ਅਕਾਰੀ, ਸਕਰੀਨਾਂ ਉੱਤੇ
ਆਪਣੇ ਆਪ ਨੂੰ, ਫਰਿਸ਼ਤੇ ਬਣਕੇ
ਦਿਖਾਉਣਗੇ-

ਮਰ ਗਿਆਂ ਲਈ
ਉੱਚੀ, ਉੱਚੀ
ਵਿਰਲਾਪ ਕਰ
ਵੈਣ ਪਾਉਣਗੇ
■

(ਮਾਲਟਨ, ਅਕਤੂਬਰ 17, 2023)

# ਹਿਟਲਰ ਦੀ ਔਲਾਦ

ਹਿਟਲਰ ਦੀ ਔਲਾਦ
ਆਪਣੇ, ਜੰਗੀ ਹਥਿਆਰਾਂ ਦੇ
ਤਜਰਬੇ ਕਰਨ ਲਈ, ਮੁੜ ਮੁੜ
ਜੰਗੀ ਖੇਡਾਂ ਖੇਡਦੀ ਹੈ-

ਕਦੀ, ਉਹ
ਵੀਅਤਨਾਮ ਦੇ, ਹੱਸਦੇ-ਵੱਸਦੇ ਘਰਾਂ ਉੱਤੇ
ਤਾਬੜ-ਤੋੜ, ਹਮਲੇ ਕਰ
ਲਾਸ਼ਾਂ ਦੇ ਢੇਰ ਲਗਾਂਦੀ ਹੈ

ਕਦੀ, ਉਹ
ਇਰਾਕ ਦੇ, ਭੀੜ-ਭੜੱਕੇ ਵਾਲੇ, ਇਲਾਕਿਆਂ ਉੱਤੇ
ਨਾਪਾਮ ਬੰਬਾਂ ਦੀ ਬਰਖਾ ਕਰ
ਮਹਾਂ-ਕਬਰਸਤਾਨ ਬਣਾਉਂਦੀ ਹੈ

ਕਦੀ, ਉਹ
ਅਫਗਾਨਿਸਤਾਨ ਦੀਆਂ, ਅਬਾਦੀਆਂ ਉੱਤੇ
ਕਰੂਜ਼ ਮਿਜ਼ਾਈਲਾਂ ਨਾਲ, ਕਹਿਰ ਢਾਹ
ਲਹੂ ਦੀਆਂ ਨਦੀਆਂ ਵਗਾਂਦੀ ਹੈ

ਕਦੀ, ਉਹ
ਫਲਸਤੀਨੀ, ਘਰਾਂ, ਸਕੂਲਾਂ, ਹਸਪਤਾਲਾਂ, ਉੱਤੇ
ਟੈਂਕਾਂ, ਤੋਪਾਂ, ਜਹਾਜ਼ਾਂ, ਰਾਹੀਂ ਗੋਲੇ ਬਰਸਾ
ਬੱਚਿਆਂ, ਬੁੱਢਿਆਂ, ਜਵਾਨਾਂ, ਨੂੰ ਚੀਥੜਾ ਚੀਥੜਾ ਕਰਵਾਂਦੀ ਹੈ

ਕਦੀ, ਉਹ
ਯੂਕਰੇਨ ਦੇ, ਲੋਕਾਂ ਦੀ ਪਿੱਠ ਉੱਤੇ
ਨਾਜ਼ੀਪੁਣੇ ਦੀ, ਦੋਸਤੀ ਦਾ ਥਾਪੜਾ ਦੇ
ਜੰਗ ਦੇ ਭਾਂਬੜ ਬਾਲਣ ਲਈ, ਉਕਸਾਂਦੀ ਹੈ

ਹਿਟਲਰ ਦੀ ਔਲਾਦ
ਪੂੰਜੀਪਤੀ ਤਾਕਤਾਂ ਦੀ ਰਖੇਲ ਬਣ
ਆਪਣੇ, ਮਾਲਕਾਂ ਦੇ ਇਸ਼ਾਰਿਆਂ ਉੱਤੇ
ਤਾਂਡਵ-ਨਾਚ ਕਰ, ਧਰਤੀ ਦੇ ਚੱਪੇ ਚੱਪੇ ਨੂੰ
ਕਬਰਸਤਾਨ ਬਣਾਂਦੀ ਹੈ!
ਕਬਰਸਤਾਨ ਬਣਾਂਦੀ ਹੈ!!
ਕਬਰਸਤਾਨ ਬਣਾਂਦੀ ਹੈ!!!
■

(ਮਾਲਟਨ, ਜਨਵਰੀ 9, 2024)

# ਜੰਗਬਾਜ਼

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ–

ਉਹ, ਰਾਜ ਸਿੰਘਾਸਣ ਖਾਤਿਰ
ਕੁਝ ਵੀ ਕੁਰਬਾਨ ਕਰ ਸਕਦੇ ਹਨ :
ਖੇਤਾਂ ਵਿੱਚ ਲਹਿਲਹਾਂਦੀਆਂ ਫ਼ਸਲਾਂ ਦੇ ਸਿੱਟੇ
ਘਰਾਂ ਵਿੱਚ ਹੱਸਦੇ ਵੱਸਦੇ ਬੱਚਿਆਂ ਦੀਆਂ ਮੁਸਕਰਾਹਟਾਂ
ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਵਿੱਚ
ਪੜ੍ਹਦੇ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ
ਫੈਕਟਰੀਆਂ ਵਿੱਚ ਮਿਹਨਤ ਕਰ ਰਹੇ ਮਜ਼ਦੂਰਾਂ ਦਾ ਖ਼ੂਨ ਪਸੀਨਾ
ਪਾਰਕਾਂ ਵਿੱਚ ਧੁੱਪ ਦਾ ਆਨੰਦ ਮਾਣ ਰਹੇ ਬਜ਼ੁਰਗਾਂ ਦੇ ਹਾਸੇ
ਘਰਾਂ ਦੇ ਬਗੀਚਿਆਂ ਵਿੱਚ ਖਿੜ੍ਹੇ ਗੁਲਾਬਾਂ ਦੀ ਮਹਿਕ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ–

ਉਹ, ਰਾਜ ਸਿੰਘਾਸਣ ਖਾਤਿਰ
ਕੁਝ ਵੀ ਕਰ ਸਕਦੇ ਹਨ :
ਮਗਰਮੱਛਾਂ ਵਾਂਗ ਹੰਝੂ ਵਹਾ ਸਕਦੇ ਹਨ
ਜ਼ਹਿਰੀ ਸੱਪਾਂ ਵਾਂਗ ਫਨ ਫੈਲਾ ਸਕਦੇ ਹਨ
ਪਾਗਲ ਕੁੱਤਿਆਂ ਵਾਂਗ ਵੱਢ ਸਕਦੇ ਹਨ
ਕੀਟਾਣੂਆਂ ਨਾਲ ਭਰੇ ਚੂਹਿਆਂ ਵਾਂਗ ਪਲੇਗ਼ ਫੈਲਾ ਸਕਦੇ ਹਨ
ਖ਼ੂੰਖਾਰ ਬਘਿਆੜਾਂ ਵਾਂਗ ਮਨੁੱਖਾਂ ਨੂੰ ਚੀਥੜਾ ਚੀਥੜਾ ਕਰ ਸਕਦੇ ਹਨ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ–

ਉਹ, ਰਾਜ ਸਿੰਘਾਸਣ ਖਾਤਿਰ
ਕੁਝ ਵੀ ਕਰ ਸਕਦੇ ਹਨ :
ਦਿੱਲੀ ਦੇ ਸ਼ਹਿਰੀਆਂ ਦੇ ਗਲਾਂ ਵਿੱਚ ਬਲਦੇ ਟਾਇਰ ਪਾ ਸਕਦੇ ਹਨ
ਗੁਜਰਾਤ ਦੀਆਂ ਗਰਭਵਤੀ ਔਰਤਾਂ ਦੇ ਢਿੱਡਾਂ ਵਿੱਚ ਖੰਜਰ ਖੋਭ ਸਕਦੇ ਹਨ
ਕਸ਼ਮੀਰੀ ਔਰਤਾਂ ਦੇ ਸਮੂਹਕ ਬਲਾਤਕਾਰ ਕਰਵਾ ਸਕਦੇ ਹਨ
ਪੰਜਾਬ ਦੇ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਕਰਵਾ ਸਕਦੇ ਹਨ
ਕਬਾਇਲੀ ਇਲਾਕੇ ਦੇ ਲੋਕਾਂ ਨੂੰ ਘਰੋਂ ਬੇਘਰ ਕਰਵਾ ਸਕਦੇ ਹਨ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ ਪਾਵਿਆਂ ਦੇ –

ਜਿਨ੍ਹਾਂ ਦੀ ਮਜ਼ਬੂਤੀ ਖਾਤਿਰ
ਲਾਸ਼ਾਂ ਦਾ ਅੰਬਾਰ ਲਗਾਉਣ ਤੋਂ ਵੀ
ਉਹ, ਝਿਜਕ ਮਹਿਸੂਸ ਨਹੀਂ ਕਰਦੇ
■

(ਮਾਰਚ 10, 2019, ਅੰਬਾਲਾ ਛਾਉਣੀ, ਇੰਡੀਆ)

# ਹੀਰੋਸ਼ੀਮਾ ਤੋਂ ਗਾਜ਼ਾ ਤੱਕ

ਹੀਰੋਸ਼ੀਮਾ ਤੋਂ ਗਾਜ਼ਾ ਤੱਕ
ਲਾਸ਼ਾਂ ਦੇ ਉਸਰੇ ਅੰਬਾਰ
ਅਮਰੀਕਾ ਦੇ, ਗੁੰਡਾਰਾਜ ਦੇ
ਜ਼ੁਲਮਾਂ ਦੀ ਹੀ ਦਾਸਤਾਨ
ਕਹਿ ਰਹੇ ਹਨ-

ਦੁਨੀਆ ਵਿੱਚ, ਮਨੁੱਖੀ ਹੱਕਾਂ ਦੇ
ਅਲੰਬਰਦਾਰ ਬਨਣ ਵਾਲੇ, ਇਸ ਦਰਿੰਦੇ ਦੇ
ਚਰਿੱਤਰ, ਦਾ ਹੀ ਇਜ਼ਹਾਰ ਕਰ ਰਹੀਆਂ ਹਨ
ਗਾਜ਼ਾ ਵਿੱਚ, ਹਵਾਈ ਬੰਬਾਰੀ ਨਾਲ, ਤਹਿਸ-ਨਹਿਸ ਹੋਈਆਂ
ਘਰਾਂ, ਸਕੂਲਾਂ, ਹਸਪਤਾਲਾਂ, ਦੀਆਂ ਇਮਾਰਤਾਂ ਹੇਠ ਦੱਬੀਆਂ ਪਈਆਂ
ਹਜ਼ਾਰਾਂ, ਬੱਚਿਆਂ, ਜਵਾਨਾਂ, ਬਜੁਰਗਾਂ, ਔਰਤਾਂ, ਮਰਦਾਂ, ਦੀਆਂ ਲਾਸ਼ਾਂ

ਹੀਰੋਸ਼ੀਮਾ ਵਿੱਚ, ਤਾਂ
ਅਮਰੀਕਾ ਨੇ, ਆਪਣੇ, ਐਟਮ ਬੰਬ ਦੀ
ਦਹਿਸ਼ਤ ਦਾ, ਪਹਿਲਾ
ਮਨੁੱਖੀ, ਤਜਰਬਾ ਕਰਕੇ
ਦੁਨੀਆ ਨੂੰ, ਆਪਣਾ
ਅਸਲੀ, ਚਿਹਰਾ ਦਿਖਾਇਆ ਸੀ-
ਆਪਣੀ, ਦਰਿੰਦਗੀ ਦਾ
ਤਾਂਡਵ-ਨਾਚ ਕਰਕੇ
ਦਿਖਾਇਆ ਸੀ

ਪਰ, ਹੁਣ
ਗਾਜ਼ਾ ਦੀ ਧਰਤੀ ਉੱਤੇ
ਆਪਣੀ, ਦਰਿੰਦਗੀ ਦਾ ਤਾਂਡਵ-ਨਾਚ
ਕਰਨ ਲਈ, ਅਮਰੀਕਾ ਨੇ
ਇੱਕ, ਮਕਾਰ, ਮਦਾਰੀ ਵਾਂਗ
ਆਪਣੇ, ਪਾਲਤੂ, ਬਾਂਦਰ, ਇਜ਼ਰਾਈਲ ਹੱਥ

ਮਾਚਸ ਫੜਾ, ਗਾਜ਼ਾ ਦੇ ਚੱਪੇ ਚੱਪੇ ਉੱਤੇ
ਜੰਗ ਦੇ ਭਾਂਬੜ ਬਾਲੇ ਹਨ
ਆਪਣੇ, ਪਾਲਤੂ, ਬਾਂਦਰ, ਇਜ਼ਰਾਈਲ ਨੂੰ
ਬੰਦੂਕਾਂ, ਤੋਪਾਂ, ਮਿਜ਼ਾਈਲਾਂ, ਬੰਬਾਂ, ਦੀ ਸੌਗਾਤ ਦੇ ਕੇ
ਗਾਜ਼ਾ ਦੇ ਚੱਪੇ ਚੱਪੇ ਉੱਤੇ , ਬੰਬਾਂ ਦੀ ਬਰਸਾਤ ਕਰਵਾ
ਗਾਜ਼ਾ ਇਲਾਕੇ ਨੂੰ, ਮਹਾਂ-ਕਬਰਸਤਾਨ ਵਿੱਚ
ਤਬਦੀਲ ਕਰ ਦਿੱਤਾ ਹੈ-

ਇਸ, ਮਹਾਂ-ਤਰਾਸਦੀ ਨੂੰ
ਦੇਖ ਕੇ, ਚੁੱਪ ਰਹਿਣ ਵਾਲਿਓ ਲੋਕੋ-
ਬੇਗੁਨਾਹ, ਮਾਸੂਮ, ਨਿਹੱਥੇ, ਲੋਕਾਂ ਦੇ
ਖ਼ੂਨ ਦੇ ਵਹਿ ਰਹੇ ਦਰਿਆ
ਇੱਕ ਦਿਨ, ਜ਼ਰੂਰ, ਜਵਾਲਾ ਮੁਖੀ
ਬਣ ਕੇ ਫੁੱਟਣ ਗੇ-

ਹੀਰੋਸ਼ੀਮਾ ਤੋਂ ਗਾਜ਼ਾ ਤੱਕ
ਧਰਤੀ ਨੂੰ, ਮਹਾਂ-ਕਬਰਸਤਾਨ ਵਿੱਚ
ਬਦਲਣ ਵਾਲੀਆਂ, ਹਕੂਮਤਾਂ ਦੀ
ਇੱਟ ਨਾਲ ਇੱਟ ਖੜਕਾਉਣ ਵਾਲੇ-
ਜਾਂਬਾਜ਼ ਵੀ, ਮਹਾਂ-ਕਬਰਸਤਾਨ ਬਣ ਗਈ
ਧਰਤੀ ਦੇ, ਇਨਾਂ, ਹਿੱਸਿਆਂ 'ਚੋਂ ਹੀ
ਜ਼ਰੂਰ, ਉੱਠਣਗੇ-
ਜ਼ਰੂਰ, ਉੱਠਣਗੇ-
■

(ਮਾਲਟਨ, ਦਸੰਬਰ 24, 2023)

# ਜੰਗਬਾਜ਼ਾਂ ਦਾ ਦੋਗਲਾਪਣ

ਉਨ੍ਹਾਂ ਦੇ, ਇੱਕ ਹੱਥ ਵਿੱਚ
ਮਰ ਰਿਹਾਂ ਲਈ
ਗੁਲਾਬ ਦੇ ਫੁੱਲ ਹੁੰਦੇ ਹਨ
ਉਨ੍ਹਾਂ ਦੇ, ਦੂਜੇ ਹੱਥ ਵਿੱਚ
ਕਾਤਲਾਂ ਲਈ
ਮਸ਼ੀਨ ਗੰਨਾਂ, ਮਿਜ਼ਾਈਲਾਂ, ਹੈਂਡ ਗ੍ਰਨੇਡ

ਉਨ੍ਹਾਂ ਦੇ, ਇੱਕ ਹੱਥ ਵਿੱਚ
ਸ਼ਰਨਾਰਥੀ ਕੈਂਪਾਂ 'ਚ ਵੰਡਣ ਲਈ
ਚਾਹ, ਕੌਫੀ, ਬਰੈੱਡ, ਦੇ ਪੈਕਟ ਹੁੰਦੇ ਹਨ
ਉਨ੍ਹਾਂ ਦੇ, ਦੂਜੇ ਹੱਥ ਵਿੱਚ
ਸ਼ਰਨਾਰਥੀ ਕੈਂਪਾਂ ਉੱਤੇ
ਬੰਬਾਂ ਦੀ ਬਰਖਾ ਕਰਨ ਦੇ ਹੁਕਮ

ਉਨ੍ਹਾਂ ਦੇ, ਇੱਕ ਹੱਥ ਵਿੱਚ
ਵਿਸ਼ਵ ਸ਼ਾਂਤੀ ਲਈ ਕੀਤਾ ਗਿਆ
ਅਹਿਦਨਾਮਾ ਹੁੰਦਾ ਹੈ
ਉਨ੍ਹਾਂ ਦੇ, ਦੂਜੇ ਹੱਥ ਵਿੱਚ
ਵਿਸ਼ਵ ਮੰਡੀ ਵਿਸਥਾਰ ਲਈ
ਐਟਮੀ ਜੰਗ ਸ਼ੁਰੂ ਕਰਨ ਦੀ ਧਮਕੀ

ਉਨ੍ਹਾਂ ਦੇ, ਇੱਕ ਹੱਥ ਵਿੱਚ
ਧਰਤੀ ਦੇ ਵਾਤਾਵਰਨ ਨੂੰ ਜਿਉਣਜੋਗਾ ਕਰਨ ਦਾ
ਮਨੁੱਖਵਾਦੀ ਵਿਚਾਰਨਾਮਾ ਹੁੰਦਾ ਹੈ
ਉਨ੍ਹਾਂ ਦੇ, ਦੂਜੇ ਹੱਥ ਵਿੱਚ
ਵਿਸ਼ਵ ਦੇ ਸਰਮਾਏਦਾਰਾਂ ਲਈ ਵਾਤਾਵਰਨ ਨੂੰ
ਪਲੀਤ ਕਰਨ ਦਾ ਹਦਾਇਤਨਾਮਾ

ਜੰਗਬਾਜ਼ਾਂ ਦਾ ਇਹ ਦੋਗਲਾਪਣ

ਮਨੁੱਖਤਾ ਨੂੰ, ਮੁੜ ਮੁੜ
ਤੀਸਰੇ ਵਿਸ਼ਵ-ਯੁੱਧ ਦੇ
ਕਿਨਾਰੇ ਲਿਆ ਖੜਾ ਕਰਦਾ ਹੈ

ਜੰਗਬਾਜ਼ਾਂ ਦੇ ਚਿਹਰਿਆਂ ਉੱਤੇ ਚੜ੍ਹਿਆ
ਦੋਗਲੇਪਣ ਦਾ, ਮੁਖੌਟਾ
ਲੀਰੋ-ਲੀਰ ਕਰਨ ਦਾ
ਵੇਲਾ ਆ ਚੁੱਕਾ ਹੈ

ਜੰਗਬਾਜ਼ਾਂ ਦੇ ਦਿਲਾਂ 'ਚ
ਲੁਕੀ, ਹੈਵਾਨੀਅਤ ਨੂੰ
ਜੱਗ-ਜ਼ਾਹਿਰ ਕਰਨ ਦਾ
ਸਮਾਂ ਆ ਚੁੱਕਾ ਹੈ
■
(ਮਾਲਟਨ, ਨਵੰਬਰ 7, 2023)

## ਸੁਨਾਮੀ ਲਹਿਰਾਂ

ਕਦੋਂ ਨਹੀਂ ਸਨ ਸੁਨਾਮੀ ਲਹਿਰਾਂ
ਇਹ ਜੋ ਅਚਾਨਕ ਜਾਗ ਪਈ ਹੈ
ਚਾਰੋ ਤਰਫ, ਹਮਦਰਦੀ ਦੀ ਮਨੁੱਖੀ ਭਾਵਨਾ
ਹਜ਼ਾਰਾਂ ਸ਼ੰਕੇ ਜਗਾ ਰਹੀ ਹੈ

ਅੱਥਰੇ ਘੋੜਿਆਂ ਵਾਂਗ
ਸਰਪਟ ਦੌੜ ਰਹੇ
ਇਹ ਜੋ ਨੇਤਾ-ਨੁਮਾ ਲੋਕ
ਇੱਕ ਦੂਜੇ ਤੋਂ ਅੱਗੇ ਵੱਧ ਵੱਧ ਕੇ
ਹਮਦਰਦੀ ਜਤਲਾ ਰਹੇ ਹਨ
ਲਾਸ਼ਾਂ ਦੇ ਅੰਬਾਰ ਦੇਖ
ਅੱਖਾਂ 'ਚੋਂ ਗਲੈਸਰੀਨ ਦੇ ਹੰਝੂ
ਵਗਾ ਰਹੇ ਹਨ
ਕਿੱਥੇ ਸਨ ਇਹ ਸੈਂਟਾ ਕਲਾਜ਼
ਜਦੋਂ ਯੂਗੰਡਾ, ਸੂਡਾਨ, ਰਵਾਂਡਾ ਵਿੱਚ
ਲੱਖਾਂ ਲੋਕਾਂ ਦੇ ਕਤਲ ਹੋ ਰਹੇ ਸਨ
ਜਦੋਂ ਇਰਾਕ ਉੱਤੇ
ਕਲਸਟਰ ਬੰਬਾਂ ਦੀ ਬਰਖਾ ਹੋ ਰਹੀ ਸੀ
ਜਦੋਂ ਵੀਅਤਨਾਮ ਦਿਆਂ ਖੇਤਾਂ ਨੂੰ
ਸਦੀਆਂ ਲਈ ਬੰਜਰ ਬਨਾਉਣ ਵਾਸਤੇ
ਅਮਰੀਕਾ ਆਪਣੀ ਦਹਿਸ਼ਤਗਰਦੀ ਦਾ
ਨੰਗਾ ਨਾਚ ਨੱਚ ਰਿਹਾ ਸੀ

ਸੁਨਾਮੀ ਲਹਿਰਾਂ ਤਾਂ ਸਾਡੇ ਆਸ ਪਾਸ
ਹਰ ਸਮਿਆਂ ਵਿੱਚ ਹੀ ਵਿਚਰਦੀਆਂ ਰਹੀਆਂ ਹਨ
ਹਿਟਲਰ ਵੱਲੋਂ ਹਜ਼ਾਰਾਂ ਲੋਕਾਂ ਨੂੰ
ਜਿਉਂਦਿਆਂ ਹੀ ਭੱਠੀਆਂ ਵਿੱਚ
ਝੋਕ ਕੇ ਸਾੜ ਦੇਣਾ

ਇਸ ਨੂੰ ਤੁਸੀਂ ਕੀ ਨਾਮ ਦਿਓਗੇ ?
ਇਹ ਜੋ ਗਲੋਬਲ ਸਭਿਆਚਾਰ ਦੇ ਨਾਮ ਉੱਤੇ
ਮਨੁੱਖੀ ਚੇਤਨਾ ਦਾ ਹਰ ਪਲ
ਬਲਾਤਕਾਰ ਹੋ ਰਿਹਾ ਹੈ
ਜੇਕਰ ਇਹ ਸੂਨਾਮੀ ਲਹਿਰਾਂ ਨਹੀਂ ਹਨ
ਤਾਂ ਤੁਸੀਂ ਹੀ ਦੱਸੋ
ਕਿ ਇਸ ਨੂੰ ਮੈਂ ਕੀ ਨਾਮ ਦੇਵਾਂ ?

ਅਫਰੀਕਾ ਮਹਾਂਦੀਪ ਵਿੱਚ ਕਰੋੜਾਂ ਲੋਕ
ਏਡਜ਼ ਨਾਮ ਦੀਆਂ ਸੁਨਾਮੀ ਲਹਿਰਾਂ ਵਿੱਚ
ਅਨੇਕਾਂ ਵਰ੍ਹਿਆਂ ਤੋਂ ਝੁਲਸੇ ਜਾ ਰਹੇ ਨੇ
ਇਹ ਜੋ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ
ਕੀਤੀ ਗਈ ਐਟਮੀ ਬੰਬਾਂ ਦੀ ਬਰਖਾ ਸੀ
ਇਸ ਬਾਰੇ ਤਾਂ ਸ਼ਾਇਦ ਅਮਰੀਕਾ ਦਾ ਪ੍ਰਧਾਨ
ਜੋਰਜ ਬੁੱਸ਼ ਹੀ ਦੱਸ ਸਕੇਗਾ ਕਿ
ਇਸ ਉੱਤੇ ਅਮਰੀਕਾ ਨੂੰ ਕਿੰਨ੍ਹਾ ਕੁ ਨਾਜ਼ ਹੈ
ਅਤੇ ਇਸ ਨੂੰ ਸੂਨਾਮੀ ਲਹਿਰਾਂ ਦੀ ਪ੍ਰਭੀਸ਼ਾ ਦੇ
ਕਿਹੜੇ ਖਾਨੇ ਵਿੱਚ ਰੱਖਣਾ ਯੋਗ ਹੋਵੇਗਾ ?
ਦੁਨੀਆ ਹੁਣ ਬਹੁਤ ਸਿਆਣੀ ਹੋ ਚੁੱਕੀ ਹੈ
ਲੋਕ ਜਾਣਦੇ ਹਨ ਕਿ
ਕੌਣ ਕਿਸੇ ਦੇ ਘਰ 'ਚ ਹੋਈ ਮੌਤ ਉੱਤੇ
ਸੱਚਮੁੱਚ ਦੀ ਹਮਦਰਦੀ ਦੇ ਹੰਝੂ ਵਗਾਉਂਦਾ ਹੈ
ਅਤੇ ਕੌਣ ਹਮਦਰਦੀ ਦੇ ਚਾਰ ਹੰਝੂ ਵਗਾ ਕੇ
ਘਰ 'ਚ ਬੇਸਹਾਰਾ ਹੋਏ ਲੋਕਾਂ ਦੇ ਗਲਿਆਂ ਵਿੱਚ
ਗੁਲਾਮੀ ਦੀ ਪੰਜਾਲੀ ਪਾ ਕੇ
ਉਨ੍ਹਾਂ ਨੂੰ, ਅੱਖਾਂ ਉੱਤੇ ਪੱਟੀਆਂ ਬੰਨ੍ਹੀ
ਕੋਹਲੂ ਅੱਗੇ ਲੱਗੇ ਬਲਦਾਂ ਵਾਂਗ
ਵਰਤਣ ਦੇ ਸੁਪਣੇ ਦੇਖਦਾ ਹੈ

ਸੁਨਾਮੀ ਲਹਿਰਾਂ ਖਾ ਗਈਆਂ ਨੇ ਸੁਪਨੇ
ਹਜ਼ਾਰਾਂ ਹੀ ਮਾਸੂਮ ਬੱਚਿਆਂ ਦੇ

ਅਤੇ ਹੰਝੂਆਂ 'ਚ ਡੁੱਬੀਆਂ
ਇਨ੍ਹਾਂ ਮਾਸੂਮ ਜਿੰਦਾਂ ਦੇ

ਜਿਸਮਾਂ ਦਾ ਮਾਸ ਨੋਚਣ ਲਈ
ਗਿਰਝਾਂ ਵਾਂਗ ਨੀਝ ਲਾਈ
ਤਿਆਰ ਬੈਠੀਆਂ ਨੇ
ਯਤੀਮ ਬੱਚਿਆਂ ਨੂੰ
ਸਹਾਰਾ ਦੇਣ ਦਾ ਨਾਟਕ ਰਚ ਰਹੀਆਂ
ਅਨੇਕਾਂ ਹੀ ਸਮਾਜ ਸੇਵਾ ਦਾ
ਪਾਖੰਡ ਕਰਨ ਵਾਲੀਆਂ ਸੰਸਥਾਵਾਂ

■

(ਮਾਲਟਨ 22 ਜਨਵਰੀ, 2005)

# ਵੀਅਤਨਾਮ ਦੀ ਜੰਗ

ਵੀਅਤਨਾਮ ਦੀ ਜੰਗ
ਦੋ, ਮੁੱਖ-ਵਿਰੋਧੀ, ਵਿਚਾਰਧਾਰਾਵਾਂ ਦੀ
ਖ਼ੂਨੀ, ਹਥਿਆਰਬੰਦ, ਮੁੱਠ-ਭੇੜ-

ਹੋ ਚੀ ਮਿੰਨ੍ਹ, ਕ੍ਰਾਂਤੀਕਾਰੀ, ਯੋਧਾ
ਆਪਣੇ ਨਾਲ, ਲੱਖਾਂ ਵੀਅਤਨਾਮੀ ਯੋਧਿਆਂ ਨੂੰ ਲੈ
ਕਮਿਊਨਿਸਟ ਵਿਚਾਰਧਾਰਾ ਦਾ ਪ੍ਰਚਮ
ਬੁਲੰਦ ਕਰ ਰਿਹਾ-
ਉਨ੍ਹਾਂ ਯੋਧਿਆਂ ਦੇ ਦਿਲਾਂ ਵਿੱਚ
ਇੱਕੋ ਹੀ ਚਿਣਗ, ਉਨਾਂ ਦੇ
ਹੌਸਲੇ ਵਧਾ ਰਹੀ
ਆਪਣੇ, ਵਤਨ ਵੀਅਤਨਾਮ ਨੂੰ
ਬਦੇਸ਼ੀ, ਜੋਕਾਂ ਤੋਂ ਮੁਕਤ ਕਰ
ਮਜ਼ਦੂਰਾਂ-ਕਿਸਾਨਾਂ, ਆਮ ਲੋਕਾਂ, ਦਾ
ਰਾਜ ਸਥਾਪਤ ਕਰਨ ਦਾ
ਸੁਪਣਾ ਪੂਰਾ ਕਰਨਾ

ਪਰ, ਅਮਰੀਕਾ
ਅਤੇ ਉਸ ਦੀ ਜੁੰਡਲੀ ਦੇ
ਸਰਮਾਏਦਾਰ, ਮੁਲਕਾਂ ਤੋਂ, ਬਸ
ਇਹੀ, ਸਹਿਣ ਨ ਹੋ ਸਕਿਆ-
ਇੱਕ, ਨਿੱਕਾ ਜਿਹਾ, ਅਣਵਿਕਸਤ, ਗਰੀਬ ਦੇਸ਼
ਵਿਸ਼ਵ ਦੇ, ਕਹਿੰਦੇ-ਕਹੌਂਦੇ, ਅਲੰਬਰਦਾਰ
ਮੁਲਕਾਂ ਦੇ ਸਾਹਮਣੇ, ਹੱਥਾਂ 'ਚ
ਸੁੰਮਾਂ ਵਾਲੀ, ਡਾਂਗ ਲੈ ਕੇ
ਕਿਵੇਂ ਖੜ੍ਹ ਗਿਆ

ਆਮਰੀਕਾ ਦੀ ਗੁੰਡਾ-ਸਲਤਨਤ
ਰੋਹ 'ਚ ਆ ਕੇ, ਨੱਕ 'ਚੋਂ, ਠੂੰਹੇਂ ਸੁੱਟ ਰਹੀ ਸੀ
ਵੀਅਤਨਾਮ ਦੀ ਧਰਤੀ ਨੂੰ ਬੰਜਰ ਬਨਾਉਣ ਲਈ

ਵੀਅਤਨਾਮ ਦੇ ਮਰਦਾਂ, ਔਰਤਾਂ, ਬੱਚਿਆਂ, ਬੁੱਢਿਆਂ, ਜਵਾਨਾਂ, ਨੂੰ
ਸਵਾਹ ਦੇ ਢੇਰ ਬਨਾਉਣ ਲਈ, ਦਿਨ ਰਾਤ
ਫੌਜੀ ਜਹਾਜ਼ਾਂ ਨਾਲ, ਬੰਬਾਂ ਦੀ
ਮੂਸਲਾਧਾਰ, ਬਰਸਾਤ ਕਰ ਰਹੀ ਸੀ

ਹੰਕਾਰ ਦੀ ਭਰੀ, ਅਮਰੀਕਾ ਦੀ
ਗੁੰਡਾ-ਸਲਤਨਤ, ਜਿਸ ਨੇ
ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਉੱਤੇ
ਐਟਮ ਬੰਬ ਸੁੱਟ ਕੇ, ਦੁਨੀਆ ਭਰ ਵਿੱਚ
ਆਪਣੀ, ਦਹਿਸ਼ਤ ਦਾ, ਝੰਡਾ
ਲਹਿਰਾਇਆ ਸੀ-
ਜਿਸ ਨੇ, ਪਲਾਂ-ਛਿਣਾਂ ਵਿੱਚ
ਆਪਣਾ, ਤਾਂਡਵ-ਨਾਚ ਕਰ ਕੇ
ਲੱਖਾਂ ਹੀ, ਜਾਪਾਨੀ
ਮਰਦਾਂ, ਔਰਤਾਂ, ਜਵਾਨਾਂ, ਬੱਚਿਆਂ, ਬੁੱਢਿਆਂ, ਨੂੰ
ਸਵਾਹ ਦੇ ਢੇਰ ਬਣਾਇਆ ਸੀ
ਇਸ, ਘੁਮੰਡੀ ਹਕੂਮਤ, ਦਾ ਸਿਰ
ਆਖਿਰ, ਵੀਅਤਨਾਮ ਦੀ
ਜੰਗ ਨੇ ਹੀ ਨਿਵਾਇਆ ਸੀ

ਅਮਰੀਕਾ ਨੂੰ, ਵੀਅਤਨਾਮ ਜੰਗ ਦਾ
ਸੇਕ ਲੱਗਿਆ, ਜਦੋਂ
ਅਮਰੀਕਨ ਫੌਜੀਆਂ ਦੀਆਂ ਲਾਸ਼ਾਂ, ਨਿੱਤ
ਦੇਸ ਪਰਤਣ ਲੱਗੀਆਂ, ਜਦੋਂ
ਅਖਬਾਰਾਂ, ਰੇਡੀਓ, ਟੀਵੀ, ਕੈਮਰਿਆਂ ਸਾਹਮਣੇ
ਅਮਰੀਕਨ, ਮਾਵਾਂ, ਭੈਣਾਂ, ਧੀਆਂ, ਪਤਨੀਆਂ
ਵੀਅਤਨਾਮ ਦੀ ਜੰਗ ਵਿੱਚ
ਭੰਗ ਦੇ ਭਾੜੇ, ਮਾਰੇ ਗਏ, ਆਪਣੇ
ਸਾਕ-ਸੰਬੰਧੀਆਂ, ਅਮਰੀਕਨ, ਫੌਜੀਆਂ ਲਈ
ਰੋਂਦੀਆਂ, ਕੁਰਲਾਂਦੀਆਂ, ਹੰਝੂ ਵਹਾਂਦੀਆਂ
ਆਪਣੀਆਂ, ਰੁਲ ਗਈਆਂ ਜੁਆਨੀਆਂ ਦੇ
ਵੈਣ ਪਾਉਂਦੀਆਂ, ਬੇਹੋਸ਼ ਹੋ
ਡਿੱਗ ਡਿੱਗ ਜਾਂਦੀਆਂ

ਅਮਰੀਕਾ ਦੇ, ਦੁਸ਼ਟ, ਕਦਮ

ਉਦੋਂ, ਡਗਮਗਾਏ-
ਜਦੋਂ, ਅਮਰੀਕਾ ਦੇ
ਕਾਲਿਜਾਂ, ਯੂਨੀਵਰਸਿਟੀਆਂ, ਸੜਕਾਂ, ਚੌਰਸਤਿਆਂ ਵਿੱਚ
ਲੱਖਾਂ ਲੋਕ, ਵੀਅਤਨਾਮ ਜੰਗ ਅੰਦਰ
ਅਮਰੀਕਾ ਦੀ ਹੋ ਰਹੀ ਘੋਰ ਬਰਬਾਦੀ
ਅਮਰੀਕਨ ਫੌਜੀਆਂ ਦੇ ਹੋ ਰਹੇ ਚੀਥੜਿਆਂ ਨੂੰ ਦਿਖਾਂਦੇ
ਆਦਮ-ਕੱਦ, ਪੋਸਟਰ ਲੈ ਕੇ
ਵੀਅਤਨਾਮ ਜੰਗ ਵਿਰੋਧੀ
ਆਕਾਸ਼ ਗੁੰਜਾਊ, ਨਾਹਰੇ ਲਗਾਉਣ ਲੱਗੇ
ਜਦੋਂ, ਅਮਰੀਕਾ ਦਾ ਕਵੀ
ਐਲਨ ਗਿਨਜ਼ਬਰਗ ਕਹਿਣ ਲੱਗਾ :
'ਅਮਰੀਕਾ !
ਆਪਣੇ, ਐਟਮ ਬੰਬ ਨਾਲ
ਆਪਣਾ, ਬਲਾਤਕਾਰ
ਕਰ ਲੈ'
ਜਦੋਂ, ਮਨੁੱਖੀ ਹੱਕਾਂ ਦਾ ਬੁਲਾਰਾ
ਮਾਰਟਿਨ ਲੂਥਰ ਕਿੰਗ, ਲੱਖਾਂ ਦੀ ਭੀੜ
ਸਾਹਮਣੇ, ਬੇਝਿਜਕ ਹੋ ਕੇ, ਕਹਿਣ ਲੱਗਾ :
'ਅਮਰੀਕਾ !
ਗਰੀਬ, ਘੱਟ ਗਿਣਤੀ ਲੋਕਾਂ ਨੂੰ
ਜੰਗ ਦੀ ਭੱਠੀ 'ਚ
ਝੌਂਕਣਾ ਬੰਦ ਕਰ'
ਜਦੋਂ, ਅਮਰੀਕਨ ਗਾਇਕ, ਪੀਟਰ ਸੀਗਰ
ਵੀਅਤਨਾਮ ਜੰਗ ਵਿਰੋਧੀ, ਰੋਸ ਮੁਜਾਹਰਿਆਂ ਵਿੱਚ
ਲੱਖਾਂ ਦੀ ਹਾਜ਼ਰੀ ਵਿੱਚ, ਆਪਣਾ ਗੀਤ ਗਾਉਣ ਲੱਗਾ :
'ਕੀ ਤੂੰ ਸੁਣ ਰਿਹਾ ਹੈਂ ਨਿਕਸਨ
ਕੀ ਤੂੰ ਸੁਣ ਰਿਹਾ ਹੈਂ ਐਗਨੀਊ'

ਜੰਗਾਂ ਵੀ, ਉਹੀ
ਸੂਰਮੇ ਹੀ ਜਿੱਤਦੇ ਹਨ-
ਜੋ, ਆਪਣੇ, ਵਤਨ ਦੀ
ਮਿੱਟੀ ਲਈ, ਆਪਣੀਆਂ
ਜਾਨਾਂ ਵਾਰਦੇ ਹਨ

ਜੋ, ਬਿਗਾਨੀਆਂ ਧਰਤੀਆਂ ਉੱਤੇ ਜਾ ਕੇ
ਮਹਿਜ਼, ਭੂਸਰੇ ਹੋਏ, ਸਾਹਨਾਂ ਵਾਂਗ
ਖੌਰੂ ਪਾਉਣ ਲਈ ਲੜਦੇ ਹਨ-
ਉਨ੍ਹਾਂ ਨੂੰ, ਤਾਂ, ਬਸ
ਨਮੋਸ਼ੀ ਹੀ ਮਿਲਦੀ ਹੈ

ਬਸ, ਇਹੀ ਕੁਝ
ਵੀਅਤਨਾਮ ਦੀ ਜੰਗ ਵਿੱਚ
ਆਖਿਰ, ਗੁੰਡਾ-ਸਲਤਨਤ
ਅਮਰੀਕਾ, ਦੀ
ਝੋਲੀ ਪਿਆ
■

(ਮਾਲਟਨ, ਜਨਵਰੀ 28, 2024)

# ਬੜ੍ਹਕਾਂ

ਉਹ, ਜੋ, ਹਥਿਆਰਾਂ ਦੀ ਮੰਡੀ ਦਾ ਸਰਗਣਾ
ਪ੍ਰਮਾਣੂੰ ਹਥਿਆਰਾਂ ਦੀਆਂ ਬੜ੍ਹਕਾਂ ਮਾਰ
ਮਨੁੱਖਤਾ ਨੂੰ, ਤੀਸਰੀ ਵਿਸ਼ਵ ਜੰਗ ਦੀ ਭੱਠੀ ਵਿੱਚ
ਝੋਂਕ ਦੇਣ ਦੀਆਂ ਗੱਲਾਂ ਕਰਨਾ
ਆਪਣਾ, ਇੱਕ ਸ਼ੁਗਲ ਸਮਝਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਮੰਡੀ ਦੇ ਇੱਕ ਦਲਾਲ ਦੀਆਂ
ਮਿੰਨਤਾਂ-ਤਰਲੇ ਕਰਦਾ ਦੇਖਿਆ ਗਿਆ
ਮਹਿਜ਼, ਕੁਨੀਨ ਦੀਆਂ, ਕੁਝ ਕੁ ਲੱਖ
ਗੋਲੀਆਂ ਲੈਣ ਲਈ

ਉਹ, ਜੋ, ਗਲੋਬਲ ਕਲਚਰ ਦਾ ਸਰਗਣਾ
ਦੁਨੀਆ ਨੂੰ ਇੱਕ ਪਿੰਡ ਸਮਝ
ਗੁੰਡਿਆਂ ਦੇ ਸਰਦਾਰ ਵਾਂਗ, ਵਿਸ਼ਵ
ਗੁੰਡਾ ਰਾਜਨੀਤੀ ਦੀਆਂ ਬੜ੍ਹਕਾਂ ਮਾਰ
-ਕਦੀ, ਬਗਦਾਦ
-ਕਦੀ, ਕਾਬੁਲ
-ਕਦੀ, ਗਰਨੇਡਾ
-ਕਦੀ, ਕੁਵੈਤ
ਆਪਣੀਆਂ, ਫੌਜਾਂ ਦਾ ਉਤਾਰਾ ਕਰ ਦਿੰਦਾ ਸੀ
ਉਸ ਦੇਸ਼ ਨੂੰ ਤਹਿਸ-ਨਹਿਸ ਕਰ, ਪੂਰੀ ਤਰ੍ਹਾਂ ਲੁੱਟ
ਆਪਣੀ, ਪਿੱਠੂ ਸਰਕਾਰ ਸਥਾਪਿਤ ਕਰ ਦਿੰਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਇੱਕ ਨਿੱਕੇ ਜਿਹੇ ਕੀਟਾਣੂੰ, ਕਰੋਨਾ ਤੋਂ
ਭੈ-ਭੀਤ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਲੱਗੇ, ਲਾਸ਼ਾਂ ਦੇ ਅੰਬਾਰ
ਸਾਂਭਣ ਵਿੱਚ ਗਰਕ ਹੋ ਰਿਹਾ ਹੈ

ਉਹ, ਜੋ, ਪੂੰਜੀ ਮੰਡੀ ਦਾ ਸਰਗਣਾ
ਵਿਸ਼ਵ ਪੂੰਜੀ ਮੰਡੀ ਨੂੰ, ਆਪਣੀ
ਮਨ-ਮਰਜ਼ੀ ਅਨੁਸਾਰ ਚਲਾਉਣ ਹਿਤ
ਨਿੱਤ, ਕਿਸੀ-ਨ-ਕਿਸੀ ਦੇਸ਼ ਦੀ ਸਰਕਾਰ ਨੂੰ
ਧਮਕੀਆਂ ਭਰੀਆਂ ਬੜ੍ਹਕਾਂ ਮਾਰਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਵਿਸ਼ਵ ਭਰ ਦੇ ਦੇਸ਼ਾਂ ਨੂੰ, ਮੱਦਦ ਲਈ
ਸੁਨੇਹੇ ਭੇਜ ਰਿਹਾ ਹੈ, ਕਰੋਨਾਵਾਇਰਸ
ਸੰਕਟ ਨਾਲ ਨਿਬੜਨ ਲਈ, ਜੋ ਵੀ
ਸਾਨੂੰ, ਜ਼ਰੂਰੀ ਸਮਾਨ ਭੇਜ ਸਕਦਾ ਹੋਵੇ
ਅਸੀਂ, ਉਸਦੀ, ਪੂਰੀ ਅਦਾਇਗੀ ਕਰਾਂਗੇ

ਧਰਤੀ, ਹਵਾ, ਪਾਣੀ
ਪ੍ਰਦੂਸ਼ਿਤ ਕਰਨ ਦੀ ਦੌੜ ਵਿੱਚ
ਸਰਗਣਾ ਬਨਣ ਦੀ ਲਾਲਸਾ ‘ਚ
ਨਿੱਤ, ਬੜ੍ਹਕਾਂ ਮਾਰਨ ਦੇ-
ਆਖਿਰ, ਇੱਕ ਦਿਨ
ਤਾਂ, ਨਤੀਜੇ
ਭੁਗਤਣੇ ਹੀ
ਪੈਣੇ ਸਨ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 10, 2020)

## ਸ਼ਕਿਜ਼ੋਫਰੇਨੀਆ-15

ਕਿੰਨਾ ਅਜੀਬ ਲੱਗਦਾ ਹੈ, ਜਦੋਂ
ਟੀ. ਵੀ. ਉੱਤੇ ਆ ਰਹੀਆਂ ਖਬਰਾਂ ਨੂੰ ਸੁਣ
ਬੱਚੇ ਆਪਣੀਆਂ ਮਾਵਾਂ ਨੂੰ ਪੁੱਛਦੇ ਹਨ :

ਖਾੜੀ ਦੀ ਜੰਗ ਕੀ ਹੁੰਦੀ ਹੈ ?
ਸਾਦਾਮ ਹੁਸੈਨ ਅਤੇ ਜਾਰਜ ਬੁੱਸ਼ ਕੌਣ ਹਨ ?
ਜੰਗ ਵਿੱਚ ਕੌਣ ਜਿੱਤਦਾ ਅਤੇ ਕੌਣ ਹਾਰਦਾ ਹੈ ?
ਜੰਗ ਤੋਂ ਬਾਅਦ ਕੀ ਹੁੰਦਾ ਹੈ ?
ਜੰਗ ਵਿਚ ਮਰਨ ਵਾਲੇ ਲੋਕ ਕਿੱਥੇ ਜਾਂਦੇ ਹਨ ?

ਕਿੰਨਾ ਅਜੀਬ ਲੱਗਦਾ ਹੈ, ਜਦੋਂ
ਟੀ. ਵੀ. ਉੱਤੇ ਆ ਰਹੀਆਂ ਖ਼ਬਰਾਂ ਨੂੰ ਸੁਣ
ਬੱਚੇ ਆਪਣੀਆਂ ਮਾਵਾਂ ਨੂੰ ਪੁੱਛਦੇ ਹਨ :

'ਯਹੂਦੀ' ਅਤੇ 'ਫਲਸਤੀਨ' ਕੌਣ ਹੁੰਦੇ ਹਨ ?
'ਸਕੱਡ' ਨਾਲ ਮਰਨ ਵਾਲਿਆਂ ਅਤੇ 'ਕਰੂਜ਼ ਮਿਜ਼ਾਈਲਾਂ' ਨਾਲ
ਮਰਨ ਵਾਲਿਆਂ 'ਚ ਕੀ ਅੰਤਰ ਹੁੰਦਾ ਹੈ ?
ਜੰਗੀ ਜਹਾਜ਼ ਬੱਚਿਆਂ ਲਈ ਦੁੱਧ ਬਨਾਉਣ ਵਾਲੀਆਂ ਫੈਕਟਰੀਆਂ ਉੱਤੇ
ਬੰਬ ਕਿਉਂ ਸੁੱਟਦੇ ਹਨ ?
ਬੰਬਾਂ ਨਾਲ ਮਾਰੇ ਜਾਣ ਵਾਲੇ ਲੋਕਾਂ ਦੇ ਬੱਚਿਆਂ ਨੂੰ ਕੌਣ ਪਾਲਦਾ ਹੈ ?
ਜੰਗ ਵਿੱਚ ਅਪਾਹਜ ਹੋਏ ਲੋਕ ਕਿਸ 'ਜੁਰਮ' ਦੀ 'ਸਜ਼ਾ' ਭੁਗਤਦੇ ਹਨ ?

ਕਿੰਨਾ ਅਜੀਬ ਲਗਦਾ ਹੈ, ਜਦੋਂ
ਟੀ. ਵੀ. ਉੱਤੇ ਆ ਰਹੀਆਂ ਖਬਰਾਂ ਨੂੰ ਸੁਣ
ਬੱਚੇ ਆਪਣੀਆਂ ਮਾਵਾਂ ਨੂੰ ਪੁੱਛਦੇ ਹਨ :

ਯੂ. ਐਨ. ਓ. ਤਾਂ ਵਿਸ਼ਵ-ਸ਼ਾਂਤੀ ਲਈ ਬਣੀ ਸੀ,
ਫਿਰ ਇਹ ਜੰਗ ਕਿਉਂ ਛੇੜਦੀ ਹੈ ?
ਪਨਾਮਾ, ਗਰਨੇਡਾ, ਵੀਅਤਨਾਮ, ਕੋਰੀਆ ਅਤੇ ਕੁਵੈਤ

ਉੱਤੇ ਹੋਏ ਹਮਲਿਆਂ 'ਚ ਕੀ ਫਰਕ ਹੈ ?
ਅਮਰੀਕਾ, ਮੁਸੀਬਤ ਦੇ ਮਾਰੇ 'ਫਲਸਤੀਨ' ਲੋਕਾਂ ਦੀ ਥਾਂ,
'ਕੁਵੈਤ ਦੇ ਭਰਿਸ਼ਟ ਸ਼ੇਖ਼ਾਂ' ਦੀ ਹੀ ਹਮਾਇਤ ਕਿਉਂ ਕਰਦਾ ਹੈ ?
ਵਿਉਪਾਰੀ ਜੰਗ ਅਤੇ ਮਜ਼ਦੂਰ ਸਦਾ ਵਿਸ਼ਵ-ਅਮਨ ਕਿਉਂ ਮੰਗਦੇ ਹਨ ?
ਜੰਗ ਦੀਆਂ ਖਬਰਾਂ ਦੇਣ ਵਾਲੇ ਐਨਕਰਮੈਨ ਦੇ ਚਿਹਰੇ ਉੱਤੇ
ਰੌਣਕ ਕਿਉਂ ਹੁੰਦੀ ਹੈ ?

ਕਿੰਨਾ ਅਜੀਬ ਲਗਦਾ ਹੈ, ਜਦੋਂ
ਟੀ. ਵੀ. ਉੱਤੇ ਆ ਰਹੀਆਂ ਖਬਰਾਂ ਨੂੰ ਸੁਣ
ਬੱਚੇ ਆਪਣੀਆਂ ਮਾਵਾਂ ਨੂੰ ਪੁੱਛਦੇ ਹਨ :
ਪ੍ਰਧਾਨ ਮੰਤਰੀ ਬਰਾਇਨ ਮਲਰੂਨੀ ਨੂੰ 'ਤੈੱਲ ਐਵੀਵ' 'ਚ
ਮਰਨ ਵਾਲਿਆਂ ਦੀ ਹੀ ਚਿੰਤਾ ਕਿਉਂ ਹੁੰਦੀ ਹੈ ?
ਜਾਂ ਕਰੈਸਚਿਆਂ ਜੰਗ ਬਾਜ਼ਾਂ ਦੀ ਹਮਾਇਤੀ ਟੋਰੀ ਸਰਕਾਰ ਦੇ ਪੱਖ ਵਿੱਚ
ਅਤੇ ਆਡਰੀ ਮੈਕਲਾਕਲਿਨ ਜੰਗ ਦਾ ਵਿਰੋਧ ਕਿਉਂ ਕਰਦੀ ਹੈ ?
ਜੰਗ ਦੇ ਦਿਨਾਂ ਵਿੱਚ ਰਾਜਸੀ ਨੇਤਾ ਗੈਲਪ ਪੋਲ ਕਰਵਾਉਣ ਵਿੱਚ
ਕਿਉਂ ਵਧੇਰੇ ਰੁਚੀ ਰੱਖਦੇ ਹਨ ?
ਮਾਈਕਲ ਵਿਲਸਨ ਲੋਕ ਭਲਾਈ ਦੇ ਖਰਚਿਆਂ ਵਿੱਚ ਕਟੌਤੀ ਕਰਨ ਅਤੇ
ਗਲਫ਼ ਜੰਗ ਲਈ ਨਵਾਂ ਟੈਕਸ ਲਾਉਣ ਦੀਆਂ ਗੱਲਾਂ
ਕਿਉਂ ਕਰਦਾ ਹੈ ?
ਕੈਨੇਡਾ ਦੇ ਸਭਿਆਚਾਰਕ ਲੋਕ ਸਮਸਿਆਵਾਂ ਦਾ ਹੱਲ
ਲੜਾਈ ਹੀ ਕਿਉਂ ਸਮਝਦੇ ਹਨ ?

ਕਿੰਨਾ ਅਜੀਬ ਲੱਗਦਾ ਹੈ, ਜਦੋਂ
ਟੀ. ਵੀ. ਉੱਤੇ ਆ ਰਹੀਆਂ ਖਬਰਾਂ ਨੂੰ ਸੁਣ
ਬੱਚੇ ਆਪਣੀਆਂ ਮਾਵਾਂ ਨੂੰ ਪੁੱਛਦੇ ਹਨ :
ਜੰਗ ਵਿੱਚ ਕੌਣ ਜਿੱਤਦਾ ਅਤੇ ਕੌਣ ਹਾਰਦਾ ਹੈ ?
■

(ਮਾਲਟਨ, 1992)

# ਜੰਗ

ਜੰਗ ਵਿੱਚ, ਹਮੇਸ਼ਾ
ਆਮ ਲੋਕ ਹੀ ਮਰਦੇ ਹਨ–
ਸਰਹੱਦਾਂ ਉੱਤੇ ਵੀ, ਸਰਹੱਦਾਂ ਦੇ
ਅੰਦਰਵਾਰ ਵੀ

ਨੀਰੋ, ਤਾਂ, ਬੱਸ
ਰਾਜਸਿੰਘਾਸਨ ਉੱਤੇ, ਬੈਠਾ
ਬੰਸਰੀ ਹੀ ਵਜਾਂਦਾ ਹੈ

ਜੰਗ ਦਾ, ਚਾਹੇ
ਕੋਈ ਵੀ ਬਹਾਨਾ ਬਣੇ–

ਜੰਗ, ਤਬਾਹੀ ਹੀ ਲਿਆਉਂਦੀ ਹੈ
ਜੰਗ, ਲਾਸ਼ਾਂ ਦੇ ਅੰਬਾਰ ਹੀ ਲਗਾਉਂਦੀ ਹੈ
ਜੰਗ, ਘਰਾਂ ਦੀਆਂ ਛੱਤਾਂ ਹੀ ਢਾਹੁੰਦੀ ਹੈ
ਜੰਗ, ਸਿਰਾਂ ਵਿੱਚ ਚੁੱਲ੍ਹਿਆਂ ਦੀ ਸਵਾਹ ਹੀ ਪਾਉਂਦੀ ਹੈ
ਜੰਗ, ਵੱਸਦੇ ਘਰਾਂ ਵਿੱਚ ਕੀਰਨੇ ਹੀ ਪਾਉਂਦੀ ਹੈ

ਜੰਗ–
ਹਉਮੈ ਦੀ ਹੁੰਦੀ ਹੈ
ਜੰਗ–
ਵਿਉਪਾਰਕ ਮੰਡੀਆਂ ਦੀ ਹੁੰਦੀ ਹੈ
ਜੰਗ–
ਨੇਤਾਗਿਰੀ ਦੀ ਹੁੰਦੀ ਹੈ
ਜੰਗ–
ਹਥਿਆਰਾਂ ਦੀ ਹੁੰਦੀ ਹੈ
ਜੰਗ–
ਚੌਧਰ ਦੀ ਹੁੰਦੀ ਹੈ
ਜੰਗ–
ਧੌਂਸ ਦੀ ਹੁੰਦੀ ਹੈ

ਜੰਗ–
ਵਿਚਾਰਧਾਰਾਵਾਂ ਦੀ ਹੁੰਦੀ ਹੈ
ਜੰਗ–
ਗਲਤਫਹਿਮੀਆਂ ਦੀ ਹੁੰਦੀ ਹੈ
ਜੰਗ–
ਧਰਮਾਂ ਦੀ ਹੁੰਦੀ ਹੈ
ਜੰਗ–
ਸਭਿਆਚਾਰਾਂ ਦੀ ਹੁੰਦੀ ਹੈ
ਜੰਗ–
ਬੋਲੀਆਂ ਦੀ ਹੁੰਦੀ ਹੈ

ਜਦੋਂ ਤੱਕ, ਮਨੁੱਖ ਅੰਦਰ
ਵਿਉਪਾਰਕ ਮੰਡੀਆਂ ਦੀ ਭੁੱਖ ਰਹੇਗੀ
ਜਦੋਂ ਤੱਕ, ਮਨੁੱਖ ਅੰਦਰ
ਚੌਧਰ ਦੀ ਭੁੱਖ ਰਹੇਗੀ
ਜਦੋਂ ਤੱਕ, ਮਨੁੱਖ ਅੰਦਰ
ਮੁਨਾਫ਼ੇ ਦੀ ਭੁੱਖ ਰਹੇਗੀ

ਧਰਤੀ ਦੇ ਕਿਸੀ–ਨ–ਕਿਸੀ
ਕੋਨੇ ਵਿੱਚ ਜੰਗ ਦੇ ਭਾਂਬੜ
ਬਲਦੇ ਹੀ ਰਹਿਣਗੇ

ਧਰਤੀ ਦੇ ਕਿਸੀ–ਨ–ਕਿਸੀ
ਕੋਨੇ ਵਿੱਚ ਲਾਸ਼ਾਂ ਦੇ ਅੰਬਾਰ
ਲੱਗਦੇ ਹੀ ਰਹਿਣਗੇ

ਧਰਤੀ ਦੇ, ਇਸ ਕੋਨੇ ਦਾ ਨਾਮ
ਕੋਈ ਵੀ ਹੋ ਸਕਦਾ ਹੈ–

ਤੁਸੀਂ, ਆਪਣੀ, ਸਹੂਲਤ ਲਈ
ਇਸ ਕੋਨੇ ਨੂੰ, ਚਾਹੇ
ਯੁਕਰੇਨ, ਇਰਾਕ, ਅਫਗਾਨਿਸਤਾਨ, ਵੀਅਤਨਾਮ, ਜਪਾਨ
ਜਾਂ ਲਿਬਨਾਨ, ਫਲਸਤੀਨ, ਸੀਰੀਆ ਕਹਿ ਲਵੋ
ਕੋਈ, ਫਰਕ ਨਹੀਂ ਪੈਂਦਾ
■

(ਮਾਰਚ 3, 2022, ਮਾਲਟਨ)

# ਬਰਸ ਰਹੇ ਬੰਬਾਂ ਦੀ ਰੁੱਤ

ਕੰਧ ਦੇ ਦੋਹੇਂ ਪਾਸੇ ਹੀ ਜਦ
ਆਦਮ-ਬੋਅ, ਆਦਮ-ਬੋਅ ਕਰਦੇ ਹਤਿਆਰੇ
ਮੋਢਿਆਂ ਉੱਤੇ ਏ.ਕੇ.-47 ਬੰਦੂਕਾਂ ਚੁੱਕੀ
ਫੂਕ ਦਿਆਂਗੇ, ਫੂਕ ਦਿਆਂਗੇ
ਧਰਤ ਕੰਬਾਊ ਨਾਹਰੇ ਲਾ ਕੇ
ਆਪਣਾ ਜੀਅ ਭਰਮਾਉਂਦੇ ਹੋਵਣ
ਤਾਂ ਕਿਸਨੂੰ ਵਿਹਲ ਪਈ ਹੈ
ਉਨ੍ਹਾਂ ਨੂੰ ਇਹ ਦੱਸਣ ਦੀ :

ਭਲਿਓ ਲੋਕੋ ! ਤੁਸੀਂ ਤਾਂ ਪਲ, ਛਿਣ ਦੇ
ਹਾਸੇ, ਠੱਠੇ ਲਈ ਇੰਜ ਕਰਕੇ
ਆਪਣਾ ਮਨ ਬਹਿਲਾ ਲੈਣਾ ਹੈ
ਪਰ ਜਿਨ੍ਹਾਂ ਅਣਗਿਣਤ ਘਰਾਂ 'ਚ
ਸੱਥਰ ਵਿਛ ਜਾਣੇ ਨੇ
ਜਿਨ੍ਹਾਂ ਘਰਾਂ ਦੇ ਬਲਦੇ ਚੁੱਲ੍ਹੇ ਬੁਝ ਜਾਣੇ ਨੇ
ਜਿਨ੍ਹਾਂ ਬਾਲਾਂ ਦੇ ਸਿਰਾਂ ਤੋਂ
ਪਿਓਆਂ ਦਾ ਸਾਇਆ ਉੱਠ ਜਾਣਾ ਹੈ
ਜਿਨ੍ਹਾਂ ਨਵ ਵਿਆਹੀਆਂ ਨਾਰਾਂ ਦੇ ਪਤੀਆਂ ਨੇ
ਮੁੜ ਕਦੀ ਵੀ ਘਰ ਨਹੀਂ ਮੁੜਨਾ
ਜਿਨ੍ਹਾਂ ਮਾਵਾਂ ਦੇ ਪੁੱਤਾਂ ਨੇ
ਬਲੀ ਦੇ ਬੱਕਰੇ ਬਣ ਜਾਣਾ ਹੈ
ਜਿਨ੍ਹਾਂ ਭੈਣਾਂ ਦਾ ਦੁੱਖ-ਸੁੱਖ ਵਿੱਚ ਯਾਦ ਕਰਨ ਲਈ
ਕੋਈ ਭਰਾ ਬਾਕੀ ਨਹੀਂ ਰਹਿਣਾ
ਉਨ੍ਹਾਂ ਦੇ ਡੁੱਬ ਰਹੇ ਮਨਾਂ ਨੂੰ
ਧਰਵਾਸ ਕਿਵੇਂ ਆਵੇਗਾ?

ਕੰਧ ਦੇ ਓਹਲੇ, ਦੋਹੇਂ ਪਾਸੇ ਖੜ੍ਹੇ
ਬੰਦੂਕਧਾਰੀਓ-
ਗੋਲੀ ਇਜ਼ਰਾਈਲ ਦੇ ਪਾਸੇ ਤੋਂ ਆਵੇ

ਜਾਂ ਫਲਸਤੀਨ ਸਿਪਾਹੀਆਂ ਵੱਲੋਂ
ਮਰਨੇ ਤਾਂ ਦੋਹੀਂ ਪਾਸੀਂ ਮਾਵਾਂ ਦੇ ਪੁੱਤ ਹੀ ਨੇ
ਕੌਣ ਤੁਹਾਨੂੰ ਸਮਝਾਵੇ ਇਹ ਗੱਲ
ਨ ਅਮਰੀਕਾ, ਨ ਚੀਨ, ਨ ਰੂਸ, ਨ ਈਰਾਨ, ਨ ਜਰਮਨੀ
ਤੁਹਾਡੇ ਲਈ, ਅਮਨ ਦੀਆਂ ਘੁੱਗੀਆਂ ਲੈ ਕੇ ਆਵਣਗੇ

ਮੰਡੀ-ਸਭਿਆਚਾਰ ਦੀ ਦੌੜ 'ਚ ਉਲਝਿਆ ਹੋਇਆ
ਆਪਣੀ ਆਰਥਿਕਤਾ ਨੂੰ ਠੁੰਮ੍ਹਣਾ ਦੇਣ ਲਈ
ਹਰ ਕੋਈ ਆਪਣੀਆਂ ਫੈਕਟਰੀਆਂ ਨੂੰ
ਚੱਲਦਾ ਰੱਖਣ ਵਾਸਤੇ
ਬੰਬ, ਬੰਦੂਕਾਂ, ਰਾਕਟ, ਲੇਜ਼ਰ, ਟੈਂਕਾਂ ਵੇਚਣ ਖਾਤਰ
ਮੰਡੀਆਂ ਲੱਭ ਰਿਹਾ ਹੈ
ਸਾਡੇ ਸਮਿਆਂ ਦੀ ਵਿਸ਼ਵ-ਰਾਜਨੀਤੀ ਵਿੱਚ
ਕੌਣ ਹੈ ਮਿੱਤਰ
ਕੌਣ ਹੈ ਦੁਸ਼ਮਣ
ਸ਼ਬਦਾਂ ਦੇ ਅਰਥ ਉਲਝ ਗਏ ਹਨ

ਹਰ ਇੱਕ ਨੇ, ਆਪਣੇ ਚਿਹਰੇ ਉੱਤੇ
ਰੰਗ-ਬਰੰਗਾ, ਇੱਕ ਮੁਖੌਟਾ ਪਹਿਣ ਲਿਆ ਹੈ

ਕਿਸ ਦੀ ਜੈਕਟ ਦੇ ਹੇਠਾਂ ਖੰਜਰ ਲੁਕਿਆ ਹੈ
ਕਿਸ ਦੀ ਪੈਂਟ ਦੀ ਜੇਬ੍ਹ 'ਚ
ਭਰੀ ਪਿਸਤੌਲ ਪਈ ਹੈ
ਤੁਸੀਂ, ਕਦੀ ਵੀ ਨ ਜਾਣ ਸਕੋਗੇ !

ਤਮਾਸ਼ਗੀਰ ਤਾਂ, ਦੂਜੇ ਦੇ ਘਰ ਵਿੱਚ
ਲੱਗੀ ਅੱਗ ਦੇਖ ਕੇ, ਕੁਝ ਚਿਰ ਲਈ
ਹੱਸ-ਖੇਡ ਲੈਂਦੇ ਨੇ

ਮਰਦੇ ਤਾਂ ਇਸ ਯੁੱਧ ਰੂਪੀ ਅੱਗ ਵਿੱਚ ਹਨ :
ਰੋਟੀ ਦੇ ਟੁੱਕੜੇ ਲਈ, ਦਿਨ ਰਾਤ
ਹੱਡ ਰਗੜਦੇ, ਭੋਲੇ ਭਾਲੇ
ਬੱਚੇ, ਬੁੱਢੇ, ਯੁਵਕ, ਮਰਦ, ਔਰਤਾਂ
ਜਿਨ੍ਹਾਂ ਦਾ ਯੁੱਧ ਨਾਲ ਨ ਕੋਈ ਵਾਸਤਾ

ਘਰ ਤਾਂ ਚਾਹੇ
ਯੁੱਧ ਰੂਪੀ ਅੱਗ ਨਾਲ
ਕੰਧ ਦੇ ਕਿਸੀ ਵੀ ਪਾਸੇ
ਝੁਲਸ ਰਿਹਾ ਹੋਵੇ
■

(ਮਾਲਟਨ, ਦਸੰਬਰ 15, 2008)

## ਹਮਦਰਦੀ

ਸਰਹੱਦ ਦੇ ਦੋਵੇਂ ਪਾਸੇ
ਬੰਦੂਕਾਂ, ਮਸ਼ੀਨ ਗੰਨਾਂ ਨਾਲ
ਠਾਹ ਠਾਹ ਕਰ ਰਹੇ
ਫਲਸਤੀਨੀ ਗੁਰੀਲਿਆਂ
ਜਾਂ ਯਹੂਦੀ ਸਿਪਾਹੀਆਂ 'ਚੋਂ
ਮੇਰੀ ਹਮਦਰਦੀ ਦਾ ਪਾਤਰ
ਕੋਈ ਇੱਕ ਵੀ ਨਹੀਂ-

ਮੇਰੀ ਹਮਦਰਦੀ, ਤਾਂ
ਅੰਤਾਂ ਦੇ ਦੁੱਖ ਨਾਲ
ਕਰਾਹ ਰਹੀਆਂ, ਪੀੜਤ
ਉਨ੍ਹਾਂ ਮਾਵਾਂ ਨਾਲ ਹੈ-
ਜਿਨ੍ਹਾਂ ਦੇ ਧੀਆਂ, ਪੁੱਤਰ
ਸਰਹੱਦ ਦੇ ਦੋਵੇਂ ਪਾਸੇ
ਗੰਦੀ ਰਾਜਨੀਤੀ ਦਾ ਸ਼ਿਕਾਰ ਹੋ
ਲਾਸ਼ਾਂ ਦੇ ਅੰਬਾਰ 'ਚ
ਨਿੱਤ, ਵਾਧਾ ਕਰ ਰਹੇ

ਸਰਹੱਦ ਦੇ ਦੋਵੇਂ ਪਾਸੇ ਹੀ
ਗੰਦੀ ਰਾਜਨੀਤੀ ਬੀਜਦੀ ਹੈ
ਨਫ਼ਰਤਾਂ ਦੇ ਬੀਜ, ਭੋਲੇ ਭਾਲੇ
ਲੋਕਾਂ ਦੀ ਚੇਤਨਾ ਵਿੱਚ -

ਨਫ਼ਰਤਾਂ ਦੇ ਬੀਜ, ਸਮਾਂ ਪਾ
ਮਨੁੱਖੀ ਦਿਮਾਗ਼ਾਂ 'ਚ
ਫੁੰਕਾਰੇ ਮਾਰਨ ਲੱਗਦੇ ਹਨ
ਫਨੀਅਰ ਸੱਪ, ਬਣ ਬਣ

ਹਥਿਆਰਾਂ ਦੀ ਵਿਸ਼ਵ-ਮੰਡੀ ਦੇ
ਚਲਾਕ ਅਤੇ ਮਕਾਰ ਵਿਉਪਾਰੀ

ਧਰਤੀ ਦੇ ਕੋਨੇ ਕੋਨੇ ਵਿੱਚ
ਸੁੰਘਦੇ ਫਿਰਦੇ ਹਨ
ਜਰਖੇਜ਼ ਸਰਹੱਦਾਂ, ਜਿੱਥੇ
ਯੁੱਧ ਦੀ ਧੂਣੀ ਬਾਲ
ਹਥਿਆਰਾਂ ਦੀ ਭੁੱਖ
ਜਗਾਈ ਜਾ ਸਕੇ-

ਸਰਹੱਦਾਂ ਤਾਂ, ਮਹਿਜ਼
ਧਰਤੀ ਦੀ ਹਿੱਕ ਉੱਤੇ ਖਿੱਚੀਆਂ
ਕਾਲਪਨਿਕ ਲਕੀਰਾਂ ਹੁੰਦੀਆਂ ਹਨ

ਇਨ੍ਹਾਂ ਨੂੰ ਲਹੂ ਪੀਣੀਆਂ ਸਰਹਾਲਾਂ
ਵਿੱਚ, ਬਦਲ ਦੇਣ ਦਾ ਕੰਮ
ਤਾਕਤ ਦੇ ਭੁੱਖੇ, ਰਾਜਨੀਤੀਵਾਨਾਂ
ਧਾਰਮਿਕ ਘੜੰਮ ਚੌਧਰੀਆਂ
ਮਨੁੱਖੀ ਲਾਸ਼ਾਂ ਦਾ ਵਿਉਪਾਰ ਕਰਨ ਵਾਲੇ
ਮੁਨਾਫ਼ਾਖੋਰਾਂ ਦਾ ਹੁੰਦਾ ਹੈ-

ਜਿਨ੍ਹਾਂ ਦੇ ਮਹੱਲਾਂ ਵਰਗੇ
ਘਰਾਂ ਦੀਆਂ ਰੌਸ਼ਨੀਆਂ ਦੀ
ਜਗਮਗਾਹਟ, ਤਿਉਂ ਤਿਉਂ
ਵਧਦੀ ਜਾਂਦੀ ਹੈ, ਜਿਉਂ ਜਿਉਂ
ਉਨ੍ਹਾਂ ਦੀਆਂ ਫੈਕਟਰੀਆਂ 'ਚ
ਬਣਿਆ, ਬਰੂਦ ਵਿਕਣ ਸਦਕਾ
ਦੁਨੀਆ ਦੇ ਕੋਨੇ ਕੋਨੇ ਵਿੱਚ
ਜੰਗ ਦੀ ਅੱਗ ਦੇ ਭਾਂਬੜ
ਉੱਚੇ, ਹੋਰ ਉੱਚੇ
ਹੁੰਦੇ ਜਾਂਦੇ ਹਨ

ਮਨੁੱਖੀ ਲਾਸ਼ਾਂ ਦੇ ਅੰਬਾਰ
ਉੱਚੇ, ਹੋਰ ਉੱਚੇ
ਹੁੰਦੇ ਜਾਂਦੇ ਹਨ
■

(ਅਗਸਤ 4, 2014, ਮਾਲਟਨ)

# ਰਹਿਣ ਦੇ ਤੂੰ

ਜੰਗ ਦੇ ਵਿਉਪਾਰੀਆ
ਰਹਿਣ ਦੇ ਤੂੰ, ਐਵੇਂ
ਜੰਗ ਦੇ ਭਾਂਬੜ ਨ ਬਾਲ–

ਸਰਹੱਦ ਦੇ ਦੋਵੇਂ ਪਾਸੇ ਹੀ
ਲੋਕ ਵਾਰਿਸ ਦੀ ਹੀਰ ਗਾਉਂਦੇ
ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਗੁਣਗੁਣਾਂਦੇ
ਨਾਨਕ ਨੂੰ ਬਹੁਤ ਯਾਦ ਕਰਦੇ
ਭਗਤ ਸਿੰਘ ਨੂੰ ਆਪਣਾ ਆਖਦੇ
ਮਾਂ–ਬੋਲੀ ਪੰਜਾਬੀ ਦੀ ਸਦਾ ਖ਼ੈਰ ਮੰਗਦੇ
1947 ਸ਼ਬਦ ਸੁਣਦਿਆਂ ਹੀ ਭਾਵੁਕ ਹੋ ਜਾਂਦੇ

ਜੰਗ ਦੇ ਵਿਉਪਾਰੀਆ
ਰਹਿਣ ਦੇ ਤੂੰ, ਐਵੇਂ
ਜੰਗ ਦੇ ਭਾਂਬੜ ਨਾ ਬਾਲ–

ਸਰਹੱਦਾਂ ਉੱਤੇ ਦਹਿਸ਼ਤਗਰਦੀ ਦਾ ਖਤਰਾ ਹੈ
ਜਿਹੇ ਸ਼ਬਦਾਂ ਦਾ ਸ਼ੋਰ ਪਾ
ਦੇਸ਼ ਭਗਤੀ ਦਾ ਚੂਰਨ ਵੇਚਣ ਵਾਲੇ
ਟੈਲੀਵੀਜ਼ਨ ਸਕਰੀਨਾਂ ਉੱਤੇ, ਨਿੱਤ
ਗਵਾਂਢੀ ਦੇਸ਼ ਨਾਲ ਜੰਗ ਛੇੜਣ ਦਾ
ਬਿਗਲ ਵਜਾਉਣ ਵਾਲੇ ਪਾਲਤੂ ਭੌਂਕੇ
ਕੀ ਜਾਨਣ ਜੰਗ ਦੇ ਅਰਥ

ਜੰਗ ਦੇ ਵਿਉਪਾਰੀਆ
ਰਹਿਣ ਦੇ ਤੂੰ, ਐਵੇਂ
ਜੰਗ ਦੇ ਭਾਂਬੜ ਨ ਬਾਲ–

ਜੰਗ ਕੋਈ ਬੱਚਿਆਂ ਦੀ ਖੇਡ ਨਹੀਂ ਹੁੰਦੀ

ਜੰਗ ਘਰਾਂ ਦੇ ਚੁੱਲ੍ਹਿਆਂ ਦੀ ਸਵਾਹ ਲੋਕਾਂ ਦੇ ਸਿਰਾਂ ਵਿੱਚ ਪਾ ਦਿੰਦੀ ਹੈ
ਜੰਗ ਹੱਸਦੇ ਵੱਸਦੇ ਘਰਾਂ ਨੂੰ ਕਬਰਸਤਾਨ ਬਣਾ ਦਿੰਦੀ ਹੈ
ਜੰਗ ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ ਨੂੰ ਖੰਡਰ ਬਣਾ ਦਿੰਦੀ ਹੈ
ਜੰਗ ਪਤਨੀਆਂ ਦੀ ਸੇਜ ਉੱਤੇ ਸੂਲਾਂ ਵਿਛਾ ਦਿੰਦੀ ਹੈ
ਜੰਗ ਨਿੱਕੇ ਨਿੱਕੇ ਬੱਚਿਆਂ ਦਾ ਬਚਪਨ ਚੁਰਾ ਕੇ ਲੈ ਜਾਂਦੀ ਹੈ

ਜੰਗ ਦੇ ਵਿਉਪਾਰੀਆ
ਰਹਿਣ ਦੇ ਤੂੰ, ਐਵੇਂ
ਜੰਗ ਦੇ ਭਾਂਬੜ ਨ ਬਾਲ–

ਅਮਨ ਦੀ ਕੋਈ ਗੱਲ ਕਰ
ਸੁਰਖ ਗੁਲਾਬਾਂ ਦੀ ਮਹਿਕ ਵੰਡ
ਤਿਤਲੀਆਂ ਨੂੰ ਬਾਗ਼ਾਂ ‘ਚ ਉੱਡਣ ਦੇ
ਚਿੜੀਆਂ ਦੇ ਚਹਿਕਣ ਦੀ ਆਵਾਜ਼
ਹਰ ਘਰ, ਹਰ ਗਲੀ, ਹਰ ਚੌਰਸਤੇ ‘ਚ
ਫੈਲ ਜਾਣ ਦੇ
■

(ਅੰਬਾਲਾ ਛਾਉਣੀ, ਇੰਡੀਆ, ਮਾਰਚ 18, 2019)

# ਹੋਲੋਕਾਸਟ

ਹੋਲੋਕਾਸਟ, ਤਾਂ, ਮਨ ਦੀ
ਇੱਕ, ਅਵਸਥਾ ਹੈ-
ਹੋਲੋਕਾਸਟ, ਤਾਂ, ਮਨ ਦਾ
ਕਿਸੀ ਲਈ, ਨਫ਼ਰਤ ਨਾਲ ਭਰ ਜਾਣਾ ਹੈ
ਹੋਲੋਕਾਸਟ, ਤਾਂ, ਤੁਹਾਡੇ, ਮਨ ਦੀ
ਕਿਸੀ ਦੀ, ਘੋਰ ਤਬਾਹੀ ਲਈ ਵਿਉਂਤਬੰਦੀ ਹੈ
ਹੋਲੋਕਾਸਟ, ਤਾਂ, ਤੁਹਾਡੇ, ਮਨ ਦਾ
ਕਿਸੀ ਤੋਂ, ਇਸ, ਧਰਤੀ ਉੱਤੇ
ਜਿਉਣ ਦੇ, ਸਭ, ਹੱਕ ਖੋਹਣਾ ਹੈ

ਹੋਲੋਕਾਸਟ, ਤਾਂ
ਇੱਕ, ਵਿਚਾਰਧਾਰਾ ਹੈ-
ਇਹ, ਵਿਚਾਰਧਾਰਾ, ਸਭ ਤੋਂ ਪਹਿਲਾਂ
ਹਿਟਲਰ ਅਤੇ ਉਸ ਦੇ ਨਾਜ਼ੀ ਸਾਥੀਆਂ ਨੇ
ਹੋਂਦ ਵਿੱਚ ਲਿਆਂਦੀ

ਹਿਟਲਰ ਅਤੇ ਉਸ ਦੇ
ਨਾਜ਼ੀ, ਸਾਥੀਆਂ ਨੂੰ, ਯਹੂਦੀਆਂ ਨਾਲ
ਅੰਤਾਂ ਦੀ, ਨਫ਼ਰਤ ਸੀ

ਹਿਟਲਰ ਅਤੇ ਉਸ ਦੇ
ਨਾਜ਼ੀ, ਸਾਥੀਆਂ ਨੇ, ਯਹੂਦੀਆਂ ਨੂੰ
ਚੁਣ ਚੁਣ ਕੇ, ਕੈਦਖਾਨਿਆਂ ਵਿੱਚ ਸੁੱਟਿਆ

ਹਿਟਲਰ ਅਤੇ ਉਸ ਦੇ
ਨਾਜ਼ੀ, ਸਾਥੀਆਂ ਨੇ, ਯਹੂਦੀਆਂ ਨੂੰ
ਚੁਣ ਚੁਣ ਕੇ, ਗੋਲੀਆਂ ਦਾ ਨਿਸ਼ਾਨਾ ਬਣਾਇਆ

ਹਿਟਲਰ ਅਤੇ ਉਸ ਦੇ
ਨਾਜ਼ੀ, ਸਾਥੀਆਂ ਨੇ, ਯਹੂਦੀਆਂ ਨੂੰ
ਚੁਣ ਚੁਣ ਕੇ, ਗੈਸ ਚੈਂਬਰਾਂ 'ਚ ਸੁੱਟ

ਸਵਾਹ ਦੇ ਢੇਰ ਬਣਾਇਆ

ਹਿਟਲਰ ਅਤੇ ਉਸ ਦੇ
ਨਾਜ਼ੀ, ਸਾਥੀਆਂ ਨੇ, ਯਹੂਦੀਆਂ ਤੋਂ
ਇਸ, ਧਰਤੀ ਉੱਤੇ, ਜਿਉਣ ਦੇ
ਸਭ, ਹੱਕ ਖੋਹ ਲਏ

ਦੁਨੀਆ ਦੇ, ਇਨਸਾਫ ਪਸੰਦ ਲੋਕਾਂ ਨੇ
ਹਿਟਲਰ ਅਤੇ ਉਸ ਦੇ ਨਾਜ਼ੀ ਸਾਥੀਆਂ ਵੱਲੋਂ
ਯਹੂਦੀਆਂ ਉੱਤੇ, ਢਾਹੇ ਜ਼ੁਲਮਾਂ ਦੀ
ਘੋਰ ਨਿੰਦਾ ਕੀਤੀ
ਪਰ, ਅਫਸੋਸ
ਯਹੂਦੀਆਂ ਨੇ, ਇਸ ਤੋਂ
ਕੁਝ ਨ ਸਿੱਖਿਆ-

ਉਨ੍ਹਾਂ ਨੇ, ਹਿਟਲਰ ਨੂੰ
ਆਪਣਾ, ਰੱਬ ਮੰਨ
ਆਪਣਾ, ਪੱਥ-ਪ੍ਰਦਰਸ਼ਕ
ਸਵੀਕਾਰ ਕਰ ਲਿਆ

ਉਨ੍ਹਾਂ ਨੇ, ਹਿਟਲਰ ਦੀ
ਹੋਲੋਕਾਸਟ, ਵਿਚਾਰਧਾਰਾ ਨੂੰ
ਆਪਣੀ, ਵਿਚਾਰਧਾਰਾ
ਮੰਨ ਲਿਆ

ਉਨ੍ਹਾਂ ਨੇ, ਹਿਟਲਰ ਦੀ
ਹੋਲੋਕਾਸਟ, ਤੌਰ-ਤਰੀਕਿਆਂ, ਉੱਤੇ ਚੱਲ
ਫਲਸਤੀਨੀ ਲੋਕਾਂ ਨੂੰ, ਆਪਣੀ
ਨਫ਼ਰਤ ਦਾ ਸ਼ਿਕਾਰ ਬਣਾ ਲਿਆ

ਉਨ੍ਹਾਂ ਨੇ, ਹਿਟਲਰ ਦੀ
ਹੋਲੋਕਾਸਟ, ਵਿਚਾਰਧਾਰਾ ਨੂੰ
ਅਮਲ ਵਿੱਚ ਲਿਆਉਣ ਲਈ
ਬੇਗੁਨਾਹ, ਨਿਹੱਥੇ, ਫਲਸਤੀਨ ਲੋਕਾਂ ਉੱਤੇ
ਹਵਾਈ ਜਹਾਜ਼ਾਂ ਨਾਲ, ਬੰਬਾਂ ਦੀ
ਬਰਸਾਤ ਕਰਨੀ ਸ਼ੁਰੂ ਕਰ ਦਿੱਤੀ

ਉਨ੍ਹਾਂ ਨੇ, ਹਿਟਲਰ ਦੀ
ਹੋਲੋਕਾਸਟ, ਵਿਚਾਰਧਾਰਾ, ਮਨਾਂ ਵਿੱਚ ਵਸਾ
ਫਲਸਤੀਨ ਘਰਾਂ, ਸਕੂਲਾਂ, ਹਸਪਤਾਲਾਂ, ਨੂੰ ਖੰਡਰ ਬਣਾ
ਗਾਜ਼ਾ ਦੀਆਂ ਗਲੀਆਂ ਵਿੱਚ, ਮਨੁੱਖੀ
ਖ਼ੂਨ ਦੇ ਦਰਿਆ ਵਗਾ ਦਿੱਤੇ

ਦੁਨੀਆ ਦੇ, ਇਨਸਾਫ ਪਸੰਦ ਲੋਕਾਂ ਨੇ
ਨੇਤਨਯਾਹੂ ਅਤੇ ਉਸ ਦੇ ਯਹੂਦੀ ਸਾਥੀਆਂ ਵੱਲੋਂ
ਫਲਸਤੀਨੀ ਲੋਕਾਂ ਉੱਤੇ, ਢਾਹੇ ਜ਼ੁਲਮਾਂ ਦੀ
ਘੋਰ ਨਿੰਦਾ ਕੀਤੀ

ਪਰ, ਅਫਸੋਸ
ਇਹ, ਸਿਲਸਿਲਾ, ਕਦੀ
ਬੰਦ ਹੋਣ ਵਾਲਾ ਨਹੀਂ–

ਕੱਲ੍ਹ ਨੂੰ, ਕੋਈ ਹੋਰ
ਸਿਰਫਿਰਿਆ, ਹਿਟਲਰ ਦੀ
ਹੋਲੋਕਾਸਟ, ਵਿਚਾਰਧਾਰਾ ਨੂੰ
ਮਨ ਵਿੱਚ ਵਸਾ, ਕਿਸੀ ਹੋਰ ਕੌਮ ਦੇ
ਲੋਕਾਂ ਲਈ, ਆਪਣੇ ਦਿਲ ਵਿੱਚ
ਘੋਰ ਨਫ਼ਰਤ ਭਰ–
ਧਰਤੀ ਉੱਤੇ, ਫਿਰ
ਮਨੁੱਖੀ ਖ਼ੂਨ ਦਾ
ਦਰਿਆ ਵਗਾ ਦੇਵੇਗਾ

ਮਨੁੱਖੀ, ਸਿਆਣਪ ਦਾ
ਇੱਕ ਵਾਰ, ਫੇਰ
ਜਨਾਜ਼ਾ ਕੱਢ ਦੇਵੇਗਾ
■

(ਮਾਲਟਨ, ਜਨਵਰੀ 21, 2024)

# ਗਲੋਬਲੀਕਰਨ-1

ਗਲੋਬ ਦੇ ਕਿਸੇ ਵੀ ਹਿੱਸੇ ਵਿੱਚ
ਵਾਪਰਿਆ ਹਾਲਾਕਾਸਟ, ਹਾਸੇ ਮਜ਼ਾਕ
ਜਾਂ ਚੁਟਕਲਿਆਂ ਦਾ ਵਿਸ਼ਾ
ਨਹੀਂ ਹੋ ਸਕਦਾ-

ਇਹ ਤਾਂ ਸਮੁੱਚੀ
ਮਨੁੱਖਤਾ ਦੇ ਮੱਥੇ ਉੱਤੇ
ਲੱਗਿਆ ਕਲੰਕ ਹੈ

ਮਨੁੱਖੀ ਇਤਿਹਾਸ ਵਿੱਚ ਵਾਪਰੇ
ਦਰਿੰਦਗੀ ਦੇ, ਇਹ ਸ਼ਰਮਨਾਕ ਹਾਦਸੇ
ਸਾਡੇ ਮੱਥਿਆਂ ਵਿੱਚ, ਸਦਾ ਹੀ
ਨਾਸੂਰ ਬਣ ਕੇ ਰਿਸਦੇ ਰਹਿਣਗੇ

ਹਾਲਾਕਾਸਟ, ਚਾਹੇ
ਨਾਗਾਸਾਕੀ ਅਤੇ ਹੀਰੋਸ਼ੀਮਾ ਉੱਤੇ ਸੁੱਟੇ
ਅਮਰੀਕਾ ਦੇ ਐਟਮੀ ਬੰਬਾਂ ਨਾਲ
ਵਾਪਰਿਆ ਹੋਵੇ
ਜਾਂ ਹਿਟਲਰ ਦੀਆਂ ਨਾਜ਼ੀ ਫੌਜਾਂ ਵੱਲੋਂ
ਲੱਖਾਂ ਮਾਸੂਮ ਯਹੂਦੀਆਂ ਨੂੰ
ਗੈਸ ਚੈਂਬਰਾਂ ਵਿੱਚ ਸਾੜਨ ਨਾਲ

ਗਲੋਬ ਦੇ ਕਿਸੇ ਵੀ ਹਿੱਸੇ ਵਿੱਚ
ਵਾਪਰਿਆ ਹਾਲਾਕਾਸਟ, ਹਾਸੇ ਮਜ਼ਾਕ
ਜਾਂ ਚੁਟਕਲਿਆਂ ਦਾ ਵਿਸ਼ਾ
ਨਹੀਂ ਹੋ ਸਕਦਾ

ਹਾਲਾਕਾਸਟ, ਚਾਹੇ
ਸੂਡਾਨ 'ਚ ਹੋਏ ਕਤਲੇਆਮ ਨਾਲ

ਵਾਪਰਿਆ ਹੋਵੇ
ਜਾਂ ਯੂਗੰਡਾ ‘ਚ ਆਦਮ-ਬੋ, ਆਦਮ-ਬੋ ਕਰਦੇ
ਈਦੀ ਅਮੀਨ ਜਿਹੇ ਕਾਤਲਾਂ ਦੀ
ਤੰਗ ਦਿਲੀ ਨਾਲ

ਗਲੋਬ ਦੇ ਕਿਸੇ ਵੀ ਹਿੱਸੇ ਵਿੱਚ
ਵਾਪਰਿਆ ਹਾਲਾਕਾਸਟ, ਹਾਸੇ ਮਜ਼ਾਕ
ਜਾਂ ਚੁਟਕਲਿਆਂ ਦਾ ਵਿਸ਼ਾ
ਨਹੀਂ ਹੋ ਸਕਦਾ
ਹਾਲਾਕਾਸਟ, ਚਾਹੇ
ਅਮਰੀਕੀ ਸਾਮਰਾਜੀਆਂ ਦੇ
ਬੁਜ਼ਦਿਲ ਫੌਜੀ ਕਮਾਂਡਰਾਂ ਵੱਲੋਂ
ਵੀਅਤਨਾਮ ਦੇ ਬਹਾਦਰ ਲੋਕਾਂ ਉੱਤੇ ਸੁੱਟੇ
ਦਰਿੰਦਗੀ ਭਰੇ, ਨਾਪਾਮ ਬੰਬਾਂ ਨਾਲ
ਵਾਪਰਿਆ ਹੋਵੇ
ਜਾਂ ਅਮਰੀਕਨ ਜੁੰਡਲੀ ਦੀਆਂ ਧਾੜਵੀ ਫੌਜਾਂ ਵੱਲੋਂ
ਇਰਾਕ ਦੇ ਲੋਕਾਂ ਦੀ ਚੇਤਨਾ ਵਿੱਚ
ਆਪਸੀ ਨਫਰਤ ਦੇ ਬੀਜ ਬੀਜਣ ਨਾਲ

ਗਲੋਬ ਦੇ ਕਿਸੇ ਵੀ ਹਿੱਸੇ ਵਿੱਚ
ਵਾਪਰਿਆ ਹਾਲਾਕਾਸਟ, ਹਾਸੇ ਮਜ਼ਾਕ
ਜਾਂ ਚੁਟਕਲਿਆਂ ਦਾ ਵਿਸ਼ਾ
ਨਹੀਂ ਹੋ ਸਕਦਾ

ਹਾਲਾਕਾਸਟ, ਚਾਹੇ
ਹਿੰਦੁਸਤਾਨ, ਪਾਕਿਸਤਾਨ ਦੀ ਵੰਡ ਵੇਲੇ
ਹਿੰਦੂ, ਸਿੱਖ, ਮੁਸਲਮਾਨ ਜਾਂ ਈਸਾਈਆਂ ਵੱਲੋਂ
ਧਰਮ ਦੇ ਨਾਮ ਉੱਤੇ ਵਿਖਾਈ
ਆਪਸੀ ਨਫਰਤ, ਦਰਿੰਦਗੀ ਅਤੇ ਕਮੀਨਗੀ ਨਾਲ
ਵਾਪਰਿਆ ਹੋਵੇ
ਜਾਂ ਫਲਸਤੀਨ ਰਫਿਊਜੀ ਕੈਂਪਾਂ ਉੱਤੇ
ਇਜ਼ਰਾਈਲੀ ਹਵਾਈ ਜਹਾਜ਼ਾਂ ਵੱਲੋਂ ਕੀਤੀ ਜਾ ਰਹੀ
ਕਲੱਸਟਰ ਬੰਬਾਂ ਦੀ ਵਰਖਾ ਨਾਲ

ਗਲੋਬ ਦੇ ਕਿਸੇ ਵੀ ਹਿੱਸੇ ਵਿੱਚ
ਵਾਪਰਿਆ ਹਾਲਾਕਾਸਟ, ਹਾਸੇ ਮਜ਼ਾਕ
ਜਾਂ ਚੁਟਕਲਿਆਂ ਦਾ ਵਿਸ਼ਾ
ਨਹੀਂ ਹੋ ਸਕਦਾ

■

(ਮਾਲਟਨ, ਜਨਵਰੀ 8, 2007)

## ਸਾਜਿਸ਼ੀ ਚੁੱਪ ਹੈ ਹਰ ਪਾਸੇ

ਨਾਜ਼ੀਆਂ ਨੇ, ਜਦੋਂ
ਲੱਖਾਂ ਹੀ, ਯਹੂਦੀਆਂ ਨੂੰ
ਗੈਸ ਚੈਂਬਰਾਂ 'ਚ ਸੁੱਟ
ਸੁਆਹ ਦੇ ਢੇਰ ਬਣਾਇਆ-
ਤਾਂ ਵੀ, ਮਨੁੱਖੀ ਇਤਿਹਾਸ ਦੇ ਮੱਥੇ 'ਤੇ
ਇਹ, ਕਲੰਕ ਸੀ

ਹੁਣ, ਜਦੋਂ
ਇਜ਼ਰਾਈਲੀ ਜੰਗਬਾਜ਼, ਲੱਖਾਂ ਹੀ
ਫਲਸਤੀਨੀਆਂ ਨੂੰ ਘਰਾਂ 'ਚ ਕੈਦ ਕਰ
ਉਨ੍ਹਾਂ ਉੱਤੇ, ਦਿਨ ਰਾਤ
ਬੰਬਾਂ ਦੀ ਵਰਖਾ ਕਰ
ਲਾਸ਼ਾਂ ਦੇ ਢੇਰ ਲਗਾ ਰਹੇ ਹਨ-
ਤਾਂ ਵੀ, ਮਨੁੱਖੀ ਇਤਿਹਾਸ ਦੇ ਮੱਥੇ 'ਤੇ
ਇਹ, ਕਲੰਕ ਹੈ

ਪਰ, ਜ਼ੁਲਮ ਦੀ
ਇਹ, ਇੰਤਹਾ ਦੇਖ ਕੇ ਵੀ
ਜੋ, ਲੇਖਕ, ਕਲਾਕਾਰ, ਪੱਤਰਕਾਰ, ਰਾਜਨੀਤੀਵਾਨ
ਸਾਜਿਸ਼ੀ, ਚੁੱਪ ਧਾਰੀ ਬੈਠੇ ਹਨ

ਜੋ, ਬੁੱਧੀਜੀਵੀ, ਚਿੰਤਕ, ਹਕੂਮਤਾਂ ਦੇ ਅਹਿਲਕਾਰ
ਮਨੁੱਖੀ ਖ਼ੂਨ ਦੇ ਵਹਿੰਦੇ ਦਰਿਆ ਦੇਖਕੇ ਵੀ
ਮਹਾਤਮਾ ਗਾਂਧੀ ਦੇ, ਤਿੰਨ ਬਾਂਦਰਾਂ ਵਾਂਗ
ਸਾਜਿਸ਼ੀ, ਚੁੱਪ ਧਾਰੀ ਬੈਠੇ ਹਨ

ਜੋ, ਤਿੰਨ ਬਾਂਦਰਾਂ ਵਾਂਗ
-ਅੱਖਾਂ ਨਾਲ, ਦੇਖ ਨਹੀਂ ਸਕਦੇ
-ਕੰਨਾਂ ਨਾਲ, ਸੁਣ ਨਹੀਂ ਸਕਦੇ

-ਮੂੰਹਾਂ ਨਾਲ, ਬੋਲ ਨਹੀਂ ਸਕਦੇ

ਜੋ, ਰਾਜਸਿੰਘਾਸਨਾਂ ਉੱਤੇ ਬੈਠੇ
ਮਹਿਜ਼, ਹਥਿਆਰਾਂ ਦੀ ਮੰਡੀ 'ਚ
ਆਪਣਾ, ਮਾਲ ਵੇਚਣ ਲਈ
ਗਿਰਝਾਂ ਵਾਂਗ ਸੋਚਦੇ ਹਨ

ਇਹ ਸਭ, ਮਨੁੱਖੀ ਇਤਿਹਾਸ ਦੇ
ਮੱਥੇ 'ਤੇ ਕਲੰਕ ਹਨ-

ਇਨ੍ਹਾਂ ਦੀ ਸਾਜਿਸ਼ੀ ਚੁੱਪ
ਹਰ, ਮਾਨਵਵਾਦੀ, ਮਨੁੱਖ ਨੂੰ
ਰੜਕਦੀ ਹੈ

ਇਨ੍ਹਾਂ ਦੀ ਸਾਜਿਸ਼ੀ ਚੁੱਪ
ਹਰ, ਮਾਨਵਵਾਦੀ, ਮਨੁੱਖ ਨੂੰ
ਚਿੰਤਾ 'ਚ ਡੋਬਦੀ ਹੈ
■

(ਮਾਲਟਨ, ਅਕਤੂਬਰ 30, 2023)

# ਜੰਗਬਾਜ਼ ਮਸਖਰਿਆਂ ਦਾ ਅਖਾੜਾ

ਧਰਤੀ ਦੇ ਚੱਪੇ, ਚੱਪੇ, ਉੱਤੇ
ਬਲ ਰਹੇ, ਜੰਗ ਦੀ ਅੱਗ ਦੇ ਭਾਂਬੜਾਂ ਬਾਰੇ
ਜੰਗਬਾਜ਼, ਮਸਖਰੇ, ਯੂ.ਐਨ.ਓ. ਚੈਂਬਰਾਂ 'ਚ
ਘੰਟਿਆਂ ਬੱਧੀ, ਧੂੰਆਂਧਾਰ, ਭਾਸ਼ਨ ਦਿੰਦੇ ਹਨ

ਪਰ, ਇਨ੍ਹਾਂ, ਭਾਸ਼ਨਾਂ ਨੂੰ
ਅਣਸੁਣੇ ਕਰ, ਜੰਗੀ ਜਹਾਜ਼
ਘਰਾਂ, ਸਕੂਲਾਂ, ਹਸਪਤਾਲਾਂ, ਪਲਾਜ਼ਿਆਂ, ਉੱਤੇ
ਬੰਬਾਂ ਦੀ ਬਰਸਾਤ ਕਰਨੀ
ਜਾਰੀ ਰੱਖਦੇ ਹਨ

ਯੂ.ਐਨ.ਓ., ਤਾਂ
ਜੰਗਬਾਜ਼ਾਂ, ਮਸਖਰਿਆਂ, ਲਈ ਚਾਬੀ ਵਾਲਾ
ਹੱਥਾਂ ਦਾ, ਇੱਕ, ਖਿਡੌਣਾ ਹੈ

ਜੰਗਬਾਜ਼, ਮਸਖਰਿਆਂ, ਨੂੰ ਪਤਾ ਹੈ
ਯੂ.ਐਨ.ਓ., ਤਾਂ, ਉਨ੍ਹਾਂ ਵੱਲੋਂ ਦਿੱਤੇ
ਡਾਲਰਾਂ ਦੇ, ਵੱਡੇ ਗੱਫਿਆਂ
ਆਸਰੇ ਹੀ ਚੱਲਦੀ ਹੈ-
ਇਸੀ ਕਾਰਨ, ਇਨ੍ਹਾਂ, ਜੰਗਬਾਜ਼ਾਂ ਦੀ
ਮਰਜ਼ੀ ਬਿਨਾਂ, ਤਾਂ, ਇਹ
ਇੱਕ ਵੀ, ਕੋਈ, ਫੈਸਲਾ
ਨਹੀਂ ਕਰ ਸਕਦੀ

ਅਦਾਕਾਰਾਂ ਵਾਂਗ, ਜੰਗਬਾਜ਼, ਵੱਡੀਆਂ ਤਾਕਤਾਂ ਦੇ, ਬੁਲਾਰੇ
ਘੰਟਿਆਂ ਬੱਧੀ, ਯੂ.ਐਨ.ਓ. ਦੇ
ਸਕਿਉਰਟੀ ਕਾਊਂਸਲ ਚੈਂਬਰਾਂ 'ਚ
ਅਦਾਕਾਰੀ, ਭਾਸ਼ਨ ਯੋਗਤਾ, ਦਾ
ਪ੍ਰਦਰਸ਼ਨ ਕਰ, ਟੀ.ਵੀ. ਕੈਮਰਿਆਂ ਸਾਹਮਣੇ

ਤਰ੍ਹਾਂ, ਤਰ੍ਹਾਂ, ਦੇ, ਪੋਜ਼ ਬਣਾ
ਆਪਣੀਆਂ, ਸੈਂਕੜੇ, ਤਸਵੀਰਾਂ ਖਿਚਾਅ
ਆਪਣੇ, ਆਪਣੇ, ਦੇਸ ਦੀ
ਸਰਕਾਰ ਤੋਂ, ਡਾਲਰਾਂ ਦੇ, ਗੱਫੇ ਲੈ
ਦੁਨੀਆ ਭਰ ਦੇ, ਭੋਲੇ-ਭਾਲੇ
ਲੋਕਾਂ ਉੱਤੇ, ਰੋਹਬ ਜਮਾਉਣ ਲਈ
ਢੋਲ-ਢਮੱਕਿਆਂ ਨਾਲ
ਐਲਾਨ ਕਰਦੇ ਹਨ :
'ਯੂ.ਐੱਨ.ਓ. ਨੇ ਮਤਾ ਪਾਸ ਕਰ ਦਿੱਤਾ ਹੈ
ਫੌਰਨ, ਜੰਗ ਰੋਕੀ ਜਾਵੇ'

ਪਰ, ਧਰਤੀ ਦੇ ਚੱਪੇ, ਚੱਪੇ, ਉੱਤੇ
ਜੰਗ ਦੀ ਅੱਗ ਦੇ ਭਾਂਬੜ ਬਾਲਣ ਵਾਲੇ
ਇਨ੍ਹਾਂ ਦੇ ਹੀ ਆਕਾ, ਇਨ੍ਹਾਂ
ਅਦਾਕਾਰਾਂ, ਭਾਸ਼ਨਕਾਰਾਂ, ਦੇ ਪਾਸ ਕੀਤੇ
ਮਤਿਆਂ ਦਾ ਮਜ਼ਾਕ ਉਡਾਂਦਿਆਂ
ਜ਼ੋਰ, ਜ਼ੋਰ, ਨਾਲ, ਤਾੜੀਆਂ ਮਾਰ ਕੇ
ਮਸਖਰਿਆਂ ਵਾਂਗ, ਹੱਸਦੇ ਹਨ
ਅਤੇ, ਦੂਜੇ ਹੀ ਪਲ-
ਹੱਸਦੇ-ਵੱਸਦੇ, ਘਰਾਂ, ਸਕੂਲਾਂ, ਹਸਪਤਾਲਾਂ, ਉੱਤੇ
ਪਹਿਲਾਂ ਨਾਲੋਂ ਵੀ, ਹੋਰ ਵੱਧ ਸ਼ਕਤੀਸ਼ਾਲੀ
ਬੰਬਾਂ ਦੀ ਬਰਸਾਤ ਕਰਨ ਦੇ
ਹੁਕਮ ਦੇ ਦਿੰਦੇ ਹਨ

ਦੁਨੀਆ ਦੇ ਲੋਕਾਂ ਨੇ
ਕਦੀ, ਵੀਅਤਨਾਮ
ਕਦੀ, ਇਰਾਕ
ਕਦੀ, ਅਫਗਾਨਿਸਤਾਨ
ਕਦੀ, ਸੀਰੀਆ
ਕਦੀ, ਫਲਸਤੀਨ
ਵਿੱਚ, ਇਹ ਵਰਤਾਰਾ
ਵਾਪਰਦਾ ਦੇਖਿਆ ਹੈ

ਯੂ.ਐੱਨ.ਓ. ਵਿੱਚ ਪਾਸ ਕੀਤੇ

ਸ਼ਾਂਤੀ ਦੇ ਮਤਿਆਂ ਦਾ, ਕੁਝ
ਇਸ ਤਰਾਂ, ਜਨਾਜ਼ਾ
ਨਿਕਲਦਾ ਤੱਕਿਆ ਹੈ
■

(ਮਾਲਟਨ, ਜਨਵਰੀ 15, 2024)

# ਜੰਗ, ਕੋਈ ਮੁਜਰਾ ਨਹੀਂ ਹੁੰਦੀ

ਜੰਗ, ਕੋਈ
ਮੁਜਰਾ ਨਹੀਂ ਹੁੰਦੀ–

ਤੁਸੀਂ, ਮਦਮਸਤ ਕਰਨ ਵਾਲੀਆਂ
ਵਾਹ, ਵਾਹ, ਸੁਨਣ ਵਾਲੀਆਂ
ਅਦਬੀ, ਗੱਲਾਂ ਕਰੋ

ਜੰਗ ਬਾਰੇ, ਤਾਂ
ਰੋਹ ਅਤੇ ਗੁੱਸੇ ਦਾ
ਇਜ਼ਹਾਰ ਹੁੰਦਾ ਹੈ–
ਜੰਗਬਾਜ਼ਾਂ ਨੂੰ, ਹਰ ਕੋਈ
ਲਾਹਣਤਾਂ ਹੀ ਪਾਂਦਾ ਹੈ
ਹਥਿਆਰਾਂ ਦੇ ਵਿਉਪਾਰੀਆਂ ਨੂੰ
ਦਰਿੰਦੇ ਹੀ ਆਖਿਆ ਜਾਂਦਾ
ਮਨੁੱਖੀ ਹੱਕਾਂ ਦਾ, ਘਾਣ ਕਰਨ ਵਾਲੇ
ਰਾਜਨੀਤੀਵਾਨਾਂ ਨੂੰ, ਖੂੰਖਾਰ ਜਬਾੜਿਆਂ ਵਾਲੇ
ਮਗਰਮੱਛ ਹੀ ਕਿਹਾ ਜਾਂਦਾ

ਜੰਗ, ਕੋਈ
ਮੁਜਰਾ ਨਹੀਂ ਹੁੰਦੀ–
ਤੁਸੀਂ, ਹੱਥਾਂ 'ਚ, ਦਾਰੂ ਦਾ
ਪੈੱਗ ਫੜ ਕੇ, ਝੂਮਦੇ ਹੋਏ
ਇਹ ਕਹਿ ਕੇ, ਤਾੜੀਆਂ ਦੀ
ਗੜਗੜਾਹਟ ਵਿੱਚ ਡੁੱਬ ਜਾਓ :
'ਕੀ ਖੂਬਸੂਰਤ, ਅਦਬੀ
ਮਦਮਸਤ ਕਰਨ ਵਾਲਾ
ਸ਼ੇਅਰ ਹੈ, ਇਹ'

ਜੰਗ, ਕੋਈ

ਮੁਜਰਾ ਨਹੀਂ ਹੁੰਦੀ–
ਮਾਸੂਮਾਂ, ਬੇਗੁਨਾਹਾਂ, ਦੀਆਂ ਲਾਸ਼ਾਂ ਦੇ
ਢੇਰਾਂ 'ਤੇ ਲੱਗਾ, ਹਰ ਪਾਸੇ
ਗਿਰਝਾਂ ਦਾ ਮੇਲਾ
ਹੁੰਦਾ ਹੈ

ਹੀਰਾ ਮੰਡੀ ਦੇ, ਤਰੰਨਮ–ਨੁਮਾ, ਮਦਮਸਤ
ਅਲਾਪ ਛੇੜਦੇ, ਅਦਬੀ, ਕੋਠਿਆਂ
ਅਤੇ, ਜੰਗ ਦੇ ਮੈਦਾਨਾਂ ਦੇ ਹੁੰਦੇ ਜ਼ਿਕਰ ਵਿੱਚ
ਬਹੁਤ, ਫਰਕ ਹੁੰਦਾ ਹੈ
■

(ਮਾਲਟਨ, ਦਸੰਬਰ 25, 2023)

# ਜੰਗ, ਕੋਈ ਤਮਾਸ਼ਾ ਨਹੀਂ ਹੁੰਦਾ

ਯੁੱਧ-ਭੂਮੀ ਵਿੱਚ
ਫੌਜਾਂ ਵਿਚਾਲੇ, ਘਿਰੇ ਹੋਏ
ਭੁੱਖੇ, ਪਿਆਸੇ, ਨੌਜਵਾਨ
ਚੀਖ ਰਹੇ ਸਨ-

ਗੋਲੀ ਇਧਰੋਂ ਚੱਲੇ
ਜਾਂ ਦੁਸ਼ਮਣ ਦੀਆਂ ਫੌਜਾਂ ਵੱਲੋਂ
ਕਤਲ, ਤਾਂ, ਸਾਡਾ ਹੀ ਹੋਣਾ ਹੈ
ਬੰਬ ਧਮਾਕਿਆਂ ਨਾਲ, ਘਰਾਂ ਦੀਆਂ
ਛੱਤਾਂ, ਤਾਂ, ਸਾਡਿਆਂ ਹੀ
ਸਿਰਾਂ ਉੱਤੇ ਡਿੱਗਣੀਆਂ ਹਨ

ਪਰ, ਹਕੂਮਤ ਦੇ ਨਸ਼ੇ ਵਿੱਚ
ਨੇਤਾ ਜੀ, ਅਜੇ ਵੀ, ਦਮਗਜੇ ਮਾਰ ਰਹੇ ਸਨ-

ਦੇਸ਼ਵਾਸੀਆਂ ਦੀ ਸੁਰੱਖਿਆ ਲਈ
ਹਕੂਮਤ, ਹਰ ਸੰਭਵ
ਯਤਨ ਕਰ ਰਹੀ ਹੈ

ਸਰਕਾਰੀ ਕਰਿੰਦੇ, ਪੂਰੀ ਬੇਸ਼ਰਮੀ ਨਾਲ
ਡਰ ਨਾਲ ਸਹਿਮੇ, ਦੇਸ਼ਵਾਸੀਆਂ ਨੂੰ
'ਨੇਤਾ ਜੀ ਦੀ ਜੈ' ਦਾ ਨਾਹਰਾ
ਬੁਲੰਦ ਕਰਨ ਲਈ ਉਕਸਾ ਰਹੇ ਸਨ

ਦੂਜੇ ਹੀ ਪਲ, ਸ਼ੂਕਦੀ ਹੋਈ ਇੱਕ ਗੋਲੀ ਆਈ
ਨਾਹਰਾ ਬੁਲੰਦ ਕਰਨ ਵਾਲੇ ਦੀ
ਛਾਤੀ ਦੇ ਆਰ ਪਾਰ ਹੋ ਗਈ

ਚਾਰੋ ਪਾਸੇ ਫੈਲੀਆਂ, ਲਹੂ ਦੀਆਂ ਛਿੱਟਾਂ
ਸਮਝਾਅ ਰਹੀਆਂ ਜਾਪਦੀਆਂ ਸਨ
ਜੰਗ, ਕੋਈ ਤਮਾਸ਼ਾ ਨਹੀਂ ਹੁੰਦਾ-
ਹਕੀਕਤ ਅਤੇ ਦਾਹਵਿਆਂ ਵਿੱਚ
ਬਹੁਤ, ਅੰਤਰ ਹੁੰਦਾ ਹੈ
■
(ਮਾਲਟਨ, ਮਾਰਚ 5, 2022)

# ਤੀਸਰਾ ਮਹਾਂ-ਯੁੱਧ

ਨਵੇਂ ਸਮਿਆਂ ਵਿੱਚ
ਯੁੱਧ ਲੜਨ ਦੇ
ਤੌਰ-ਤਰੀਕੇ ਵੀ
ਬਦਲ ਗਏ ਹਨ

ਹੁਣ, ਹਿਟਲਰ ਦੀਆਂ
ਵਿਸ਼ਵ-ਸ਼ਕਤੀ ਬਨਣ ਦੀਆਂ
ਇਛਾਵਾਂ ਰੱਖਦੀਆਂ, ਨਾਜ਼ੀ ਫ਼ੌਜਾਂ ਦੇ
ਹਵਾਈ ਹਮਲਿਆਂ, ਕੰਨਸਨਟਰੇਸ਼ਨ ਕੈਂਪਾਂ ਦਾ
ਕਿਸੀ ਨੂੰ, ਡਰ ਨਹੀਂ-
ਨ, ਹੀ, ਅਮਰੀਕਾ ਦੇ
ਐਟਮ ਬੰਬਾਂ ਵੱਲੋਂ ਹੀ
ਹੀਰੋਸ਼ੀਮਾ, ਨਾਗਾਸਾਕੀ, ਜਿਹੇ
ਸ਼ਹਿਰਾਂ ਉੱਤੇ, ਮੌਤ-ਰੂਪੀ
ਰੇਡੀਅਮ ਕਿਰਨਾਂ ਦੀ, ਬਰਸਾਤ
ਹੋਣ ਦਾ ਹੀ ਕੋਈ ਡਰ

ਹੁਣ, ਨੈਟੋ ਫੌਜੀ ਗੱਠਜੋੜ
ਰੂਸ ਨੂੰ, ਚੁਣੌਤੀ ਦੇਣ ਲਈ
ਯੋਰਪ ਵਿੱਚ, ਮਿਜ਼ਾਈਲਾਂ ਵੀ
ਨਹੀਂ ਬੀੜੇਗਾ-
ਨ, ਹੀ, ਰੂਸ ਅਮਰੀਕਾ ਨੂੰ
ਲਲਕਾਰਣ ਲਈ, ਕਿਊਬਾ ਵਿੱਚ ਹੀ
ਮਿਜ਼ਾਈਲੀ ਅੱਡਿਆਂ ਦੀ
ਉਸਾਰੀ ਕਰੇਗਾ

ਹੁਣ, ਪੂੰਜੀਵਾਦ ਵੀ
ਵਿਸ਼ਵ-ਸ਼ਕਤੀ ਹਾਸਿਲ ਕਰਨ ਖਾਤਿਰ
ਦੇਸ-ਵਿਦੇਸ਼ ਦੇ, ਸੰਚਾਰ ਮਾਧਿਅਮਾਂ ਰਾਹੀਂ
ਲੋਕ-ਮਾਨਸਿਕਤਾ ਵਿੱਚ, ਕੰਨਜ਼ੀਊਮਰ ਕਲਚਰ ਦੇ

ਬੀਜ ਬੀਜਣ ਵਾਸਤੇ, ਗਲੋਬਲੀਕਰਨ ਦਾ
ਪਾਸਾਰ ਨਹੀਂ ਕਰੇਗਾ–
ਨ, ਹੀ, ਮਾਓਵਾਦੀਆਂ ਵੱਲੋਂ ਹੀ
ਇਨਕਲਾਬ ਲਿਆਉਣ ਲਈ, ਸਭਿਆਚਾਰਕ ਕ੍ਰਾਂਤੀ
ਨਾਮ ਹੇਠ, ਆਪਣੇ ਵਿਰੋਧੀਆਂ ਦੇ
ਸਿਰ ਕਲਮ ਕੀਤੇ ਜਾਣਗੇ

ਹੁਣ, ਵਿਸ਼ਵ-ਆਰਥਿਕਤਾ ਨੂੰ
ਆਪਣੀ, ਮੁੱਠੀ 'ਚ ਘੁੱਟ ਲੈਣ ਦੀਆਂ
ਡੋਨਲਡ ਟਰੰਪੀ, ਅੰਤਰੀਵ ਇਛਾਵਾਂ ਦਾ
ਟੈਰਿਫ-ਰੂਪੀ, ਭੈਅ ਵੀ
ਨਹੀਂ ਰਹੇਗਾ–
ਨ, ਹੀ, ਹੈਕਰਾਂ ਵੱਲੋਂ
ਕਿਸੇ ਦੇਸ਼ ਦੀਆਂ, ਸਰਕਾਰੀ ਵੈੱਬ ਸਾਈਟਾਂ
ਮੈਗਾ ਕਾਰਪੋਰੇਸ਼ਨਾਂ ਦੇ ਡੈਟਾ ਬੈਂਕਾਂ ਵਿੱਚ
ਸੰਨ੍ਹ ਲਗਾਏ ਜਾਣ ਦਾ ਹੀ
ਕੋਈ ਡਰ ਹੋਵੇਗਾ

ਨਵੇਂ ਸਮਿਆਂ ਵਿੱਚ
ਯੁੱਧ ਲੜਨ ਦੇ
ਤੌਰ-ਤਰੀਕੇ ਵੀ
ਬਦਲ ਗਏ ਹਨ

ਹੁਣ, ਤਾਂ, ਲੋਕ
ਚੁੱਪ-ਚੁਪੀਤੇ, ਇੱਕ
ਨਿੱਕਾ ਜਿਹਾ, ਕੀਟਾਣੂੰ
ਹਵਾ ਵਿੱਚ
ਉਡਾ ਦਿੰਦੇ ਹਨ

ਦੇਖਦੇ, ਦੇਖਦੇ
ਹਰ ਪਿੰਡ, ਹਰ ਸ਼ਹਿਰ, ਹਰ ਦੇਸ਼
ਹਫੜਾ ਦੱਫੜੀ ਮੱਚ ਜਾਂਦੀ ਹੈ–

ਵੱਡੇ, ਵੱਡੇ, ਆਰਥਿਕ ਢਾਂਚੇ
ਸਮਾਜਿਕ ਤਾਣੇ-ਬਾਣੇ
ਸੰਚਾਰ ਪ੍ਰਣਾਲੀਆਂ

ਹਵਾਈ, ਰੇਲਵੇ, ਬੱਸ ਸੇਵਾ ਸਿਸਟਮ
ਕੱਖਾਂ-ਕਾਨਿਆਂ ਦੀਆਂ
ਝੌਂਪੜੀਆਂ ਵਾਂਗ, ਢਹਿ-ਢੇਰੀ

ਹੋ ਜਾਂਦੇ ਹਨ
ਹਸਪਤਾਲ, ਕਬਰਸਤਾਨਾਂ ਵਿੱਚ
ਬਦਲ ਜਾਂਦੇ ਹਨ
ਦਿਨ-ਰਾਤ, ਮੇਲਿਆਂ ਵਾਂਗ
ਰੌਣਕਾਂ ਭਰੀਆਂ, ਰੈਸਟੋਰੈਂਟ, ਬਾਰ, ਕੌਫ਼ੀ ਕਾਰਨਰ
ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਕਬਰਾਂ ਵਰਗੀ, ਸੁੰਨ-ਮਸਾਨ
ਚੁੱਪ ਪਸਰ ਜਾਂਦੀ ਹੈ

ਮਾਵਾਂ, ਬੱਚਿਆਂ ਨੂੰ
ਡਰਾਉਣ ਲਈ, ਆਖਦੀਆਂ ਹਨ :
"ਬੱਚਾ, ਬਾਹਰ ਨ ਜਾਵੀਂ
ਕਰੋਨਾ ਫੜ ਕੇ ਲੈ ਜਾਵੇਗਾ"

ਨ, ਤਾਂ, ਕਿਸੇ ਨੇ
ਸ਼ਹਿਰ ਵਿੱਚ, ਬਲਿਸਟਿਕ ਮਿਜ਼ਾਈਲਾਂ ਹੀ
ਡਿੱਗਦੀਆਂ ਦੇਖੀਆਂ
ਨ, ਹੀ, ਕੋਈ
ਐਟਮ ਬੰਬ ਹੀ

ਪਰ, ਫਿਰ ਵੀ
ਪਤਾ ਨਹੀਂ, ਕਿਉਂ
ਹਰ ਕੋਈ, ਹੌਲੀ ਜਿਹੀ
ਚੁਗਲੀ ਕਰਨ ਵਾਂਗ
ਇੱਕ ਦੂਜੇ ਤੋਂ, ਪੁੱਛ ਰਿਹਾ
ਜਾਪਦਾ ਹੈ :
"ਇਹ ਤੀਸਰਾ ਮਹਾਂ-ਯੁੱਧ
ਕਿਸਨੇ, ਕਿਉਂ, ਛੇੜਿਆ ਹੈ"
■
(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 27, 2020)

# ਜੰਗਬਾਜ਼ਾਂ ਦੇ ਅਨੇਕਾਂ ਚਿਹਰੇ

ਜੰਗਬਾਜ਼ਾਂ ਦੇ, ਤਾਂ
ਅਨੇਕਾਂ ਚਿਹਰੇ ਹਨ-
ਜੋ, ਫਨੀਅਰ ਸੱਪਾਂ ਵਾਂਗ
ਹਰ ਪਲ, ਸਾਡੇ, ਚੌਗਿਰਦੇ ਵਿੱਚ
ਵਿਚਰਦੇ ਹਨ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜੋ, ਮਨੁੱਖਾਂ ਨੂੰ, ਧਰਮਾਂ, ਰੰਗਾਂ, ਨਸਲਾਂ
ਜ਼ਾਤਾਂ-ਪਾਤਾਂ, ਊਚ-ਨੀਚ, ਦੇ
ਨਾਵਾਂ ਉੱਤੇ, ਦੁਰਕਾਰਦੇ ਹਨ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜਿਨ੍ਹਾਂ ਨੇ, ਮਨੁੱਖਾਂ ਦੇ, ਕੰਨਾਂ ਵਿੱਚ
ਸਿੱਕਾ ਢਾਲ ਕੇ ਪਾ ਦਿੱਤਾ
ਮਹਿਜ਼, ਇਸ ਲਈ ਹੀ
ਕਿਉਂਕਿ, ਉਨ੍ਹਾਂ, ਮਨੁੱਖਾਂ ਨੇ
ਕਿਸੇ, ਪਵਿੱਤਰ, ਧਾਰਮਿਕ ਗ੍ਰੰਥ ਦੇ ਬੋਲ
ਆਪਣੇ, ਕੰਨਾਂ ਨਾਲ ਸੁਣ ਲਏ ਸਨ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜਿਨ੍ਹਾਂ ਨੇ, ਮਨੁੱਖਾਂ ਨੂੰ
ਕਤਲ ਕਰ ਦਿੱਤਾ
ਮਹਿਜ਼, ਇਸ ਲਈ ਹੀ
ਕਿਉਂਕਿ, ਉਨ੍ਹਾਂ, ਮਨੁੱਖਾਂ ਨੇ
ਉੱਚ-ਜ਼ਾਤੀ ਦੇ ਖੂਹਾਂ ਤੋਂ
ਪੀਣ ਲਈ, ਪਾਣੀ ਭਰ ਲਿਆ ਸੀ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜਿਨ੍ਹਾਂ ਨੇ, ਮਨੁੱਖਾਂ ਨੂੰ

ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਵਿੱਚ
ਆਪਣੇ, ਨਾਲ ਬਿਠਾਉਣ ਤੋਂ
ਇਨਕਾਰ ਕਰ ਦਿੱਤਾ
ਮਹਿਜ਼, ਇਸ ਲਈ ਹੀ
ਕਿਉਂਕਿ, ਉਨ੍ਹਾਂ ਦਾ ਰੰਗ
ਕਾਲਾ ਸੀ, ਗੋਰਾ ਨਹੀਂ ਸੀ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜਿਨ੍ਹਾਂ ਨੇ, ਮਨੁੱਖਾਂ ਨੂੰ
ਧਰਮ ਸਥਾਨਾਂ ਅੰਦਰ
ਦਾਖਲ ਨਹੀਂ ਹੋਣ ਦਿੱਤਾ
ਮਹਿਜ਼, ਇਸ ਲਈ ਹੀ
ਕਿਉਂਕਿ, ਧਰਮ ਦੇ ਅਖੌਤੀ ਮਹੰਤਾਂ ਵੱਲੋਂ
ਉਨ੍ਹਾਂ ਨੂੰ, ਨੀਚ-ਜ਼ਾਤੀ ਦੇ ਲੋਕ ਕਿਹਾ ਜਾਂਦਾ ਸੀ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜਿਨ੍ਹਾਂ ਨੇ, ਮਨੁੱਖਾਂ ਨੂੰ
ਕਤਲ ਕਰ ਦਿੱਤਾ
ਮਹਿਜ਼, ਇਸ ਲਈ ਹੀ
ਕਿਉਂਕਿ, ਉਹ, ਕਿਸੀ ਹੋਰ
ਧਰਮ ਵਿੱਚ ਵਿਸ਼ਵਾਸ ਰੱਖਦੇ ਸਨ

ਉਹ ਵੀ, ਤਾਂ, ਜੰਗਬਾਜ਼ ਹੀ ਹਨ
ਜਿਨ੍ਹਾਂ ਨੇ, ਮਨੁੱਖਾਂ ਨੂੰ
ਮੌਤ ਦੇ ਘਾਟ ਉਤਾਰ ਦਿੱਤਾ
ਮਹਿਜ਼, ਇਸ ਲਈ ਹੀ
ਕਿਉਂਕਿ, ਉਹ, ਕੋਈ ਹੋਰ
ਬੋਲੀ ਬੋਲਦੇ ਸਨ

ਜੰਗਬਾਜ਼ਾਂ ਦੇ, ਤਾਂ
ਜ਼ਹਿਰੀ ਫਨੀਅਰ ਸੱਪਾਂ ਵਾਂਗ
ਅਨੇਕਾਂ ਰੂਪ ਹੁੰਦੇ ਹਨ-

-ਕਦੀ, ਉਹ, ਧਾਰਮਿਕ ਗ੍ਰੰਥਾਂ ਦੇ

ਨਾਮ ਉੱਤੇ, ਡੰਗ ਮਾਰਦੇ ਹਨ
-ਕਦੀ, ਉਹ, ਜ਼ਾਤ-ਪਾਤ ਦੇ
ਨਾਮ ਉੱਤੇ, ਡੰਗ ਮਾਰਦੇ ਹਨ
-ਕਦੀ, ਉਹ, ਰੰਗ-ਭੇਦ ਦੇ
ਨਾਮ ਉੱਤੇ, ਡੰਗ ਮਾਰਦੇ ਹਨ
-ਕਦੀ, ਉਹ, ਊਚ-ਨੀਚ ਦੇ
ਨਾਮ ਉੱਤੇ, ਡੰਗ ਮਾਰਦੇ ਹਨ
-ਕਦੀ, ਉਹ, ਧਰਮ ਦੇ
ਨਾਮ ਉੱਤੇ, ਡੰਗ ਮਾਰਦੇ ਹਨ
-ਕਦੀ, ਉਹ, ਬੋਲੀ ਦੇ
ਨਾਮ ਉੱਤੇ, ਡੰਗ ਮਾਰਦੇ ਹਨ
■

(ਮਾਲਟਨ, ਜਨਵਰੀ 30, 2024)

# ਯੁੱਧ

ਅਗਿਆਨਤਾ ਅਤੇ ਵਿਗਿਆਨ
ਦਰਮਿਆਨ, ਸਦੀਆਂ ਤੋਂ, ਚੱਲ ਰਿਹਾ ਯੁੱਧ
ਇੱਕ ਵਾਰ ਫਿਰ, ਸਿਖਰਾਂ
ਛੋਹ ਰਿਹਾ ਹੈ-

ਕਰੋਨਾਵਾਇਰਸ ਵਿਰੁੱਧ, ਮਹਾਂਭਾਰਤ ਦੇ ਯੁੱਧ ਤੋਂ ਵੀ
ਲੰਬੇ ਯੁੱਧ ਦੇ ਆਰੰਭ ਦਾ ਐਲਾਨ ਕਰਦਿਆਂ
ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ
ਘਰਾਂ, ਬਾਜ਼ਾਰਾਂ, ਸੜਕਾਂ, ਚੌਰਸਤਿਆਂ 'ਚ
ਥਾਲੀਆਂ, ਚਮਚੇ, ਕੜਛੀਆਂ, ਸੰਖ, ਵਜਾਉਣ ਵਾਲੇ
ਹਕੂਮਤ ਦੇ ਹਰਕਾਰਿਓ

ਯੁੱਧ ਦਾ ਐਲਾਨ ਕਰਨ ਤੋਂ ਪਹਿਲਾਂ
ਉਨ੍ਹਾਂ, ਲੱਖਾਂ, ਕਰੋੜਾਂ, ਭੁੱਖੇ, ਪਿਆਸੇ ਢਿੱਡਾਂ ਬਾਰੇ, ਤਾਂ
ਕੁਝ ਸੋਚ ਲੈਂਦੇ, ਜਿਨ੍ਹਾਂ ਕੋਲ
ਨ ਸਿਰ ਛੁਪਾਉਣ ਲਈ ਕੋਈ ਛੱਤ ਹੈ
ਨ ਭੁੱਖੇ ਢਿੱਡਾਂ ਨੂੰ ਦਿਲਾਸਾ ਦੇਣ ਲਈ ਰੋਟੀ ਦੇ ਟੁੱਕੜੇ
ਨ ਪਿਆਸੇ ਬਾਲਾਂ ਦੇ ਸੁੱਕੇ ਬੁੱਲਾਂ ਨੂੰ ਤਰ ਕਰਨ ਲਈ ਦੁੱਧ ਦੀਆਂ ਬੋਤਲਾਂ
ਨ ਮੂੰਹਾਂ ਉੱਤੇ ਪਾਉਣ ਲਈ ਮਹਿੰਗੇ ਮਾਸਕ
ਨ ਮੁੜ, ਮੁੜ, ਹੱਥਾਂ ਨੂੰ ਸਾਫ਼ ਕਰਨ ਲਈ ਸੈਨੇਟਾਈਜ਼ਰ
ਨ ਬੈਂਕਾਂ ਰਾਹੀਂ ਰਾਹਤ ਪ੍ਰਾਪਤ ਕਰਨ ਲਈ ਕੋਈ ਬੈਂਕ ਖਾਤਾ
ਨ ਮੱਦਦ ਵਾਸਤੇ ਦੁਹਾਈ ਦੇਣ ਲਈ ਕੋਈ ਫੋਨ ਐਪ ਨੰਬਰ

ਇਹ ਯੁੱਧ, ਕਿਸ ਲਈ
ਜ਼ਿੰਦਗੀ ਲਿਆਏਗਾ, ਕਿਸ ਲਈ ਮੌਤ
ਇਹੀ ਸੁਆਲ, ਮੁੜ, ਮੁੜ
ਚੇਤਨਾ ਨੂੰ ਖੁਰਚਦਾ ਹੈ

ਜਾ ਰਹੇ ਨੇ, ਸੜਕਾਂ ਉੱਤੇ
ਭੁੱਖੇ, ਪਿਆਸੇ, ਲੋਕ
ਮੋਢਿਆਂ ਨਾਲ, ਆਪਣੇ
ਭੁੱਖੇ, ਪਿਆਸੇ, ਬਾਲਾਂ ਨੂੰ
ਲਗਾਈ-

ਦਿੱਲੀ ਤੋਂ ਬਿਹਾਰ ਵੱਲ
ਮੇਰਠ ਤੋਂ ਲਖਨਊ ਵੱਲ
ਅੰਬਾਲਾ ਤੋਂ ਕਰਨਾਲ ਵੱਲ
ਲੁਧਿਆਣਾ ਤੋਂ ਜਲੰਧਰ ਵੱਲ

ਪਰ, ਸਾਡੇ ਸਮਿਆਂ ਦੀ
ਤ੍ਰਾਸਦੀ, ਤਾਂ, ਦੇਖੋ-
ਮੰਦਿਰਾਂ ਵਿੱਚ ਪਈਆਂ, ਪੱਥਰਾਂ
ਦੀਆਂ ਮੂਰਤੀਆਂ, ਜਿਨ੍ਹਾਂ ਨੇ
ਲੋਕਾਂ ਨੂੰ, ਕਰੋਨਾਵਾਇਰਸ
ਮਹਾਂਮਾਰੀ ਤੋਂ ਬਚਾਣਾ ਸੀ
ਉਹ, ਦੇਵ ਮੂਰਤੀਆਂ ਵੀ
ਕਰੋਨਾਵਾਇਰਸ ਦੀ ਦਹਿਸ਼ਤ
ਤੋਂ, ਭੈ-ਭੀਤ ਹਨ-

ਮੰਦਿਰਾਂ ਦੇ ਪੁਜਾਰੀਆਂ ਨੇ
ਹਰ ਦਿਨ, ਹਜ਼ਾਰਾਂ ਮਣ
ਦੁੱਧ ਪੀ ਜਾਣ ਵਾਲੀਆਂ
ਲੱਖਾਂ ਮਣ, ਫਲ, ਸੁੱਕੇ ਮੇਵੇ
ਖਾਹ ਜਾਣ ਵਾਲੀਆਂ
ਸਾਹਹੀਣ, ਪੱਥਰਾਂ ਦੀਆਂ
ਮੂਰਤੀਆਂ ਦੀ ਸੁਰੱਖਿਆ ਲਈ
ਉਨ੍ਹਾਂ ਦੇ ਮੂੰਹਾਂ ਉੱਤੇ
ਮਾਸਕ ਚਾੜ੍ਹ ਦਿੱਤੇ ਹਨ

ਠੱਗ, ਪੰਡਿਤ, ਜੋਤਿਸ਼ੀ
ਜੋ, ਲੋਕਾਂ ਨੂੰ, ਲੁੱਟਣ ਲਈ
ਨਿੱਤ, ਟੀਵੀ ਸਕਰੀਨਾਂ ਉੱਤੇ

ਬੋਲਦੇ ਸਨ :
ਮੰਗਲ, ਸ਼ਨੀ, ਗ੍ਰਹਿ ਦੀ
ਕਰੋਪੀ ਤੋਂ ਬਚਣ ਲਈ
ਸੋਨੇ ਦੀ ਇੱਕ ਗਾਂ ਭੇਟਾ ਕਰੋ
ਕਾਲੇ ਕੁੱਤੇ ਨੂੰ ਆਲੂ ਦਾ ਪਰੌਂਠਾ ਖਵਾਓ
ਆਪਣੇ, ਘਰਾਂ ਨੂੰ ਪਵਿੱਤਰ ਕਰਨ ਲਈ
ਘਰਾਂ ਦੇ ਬਾਹਰ, ਹਰ ਦਿਨ
ਗਊ ਮਾਤਾ ਦੇ ਮਲ-ਮੂਤਰ ਦਾ
ਛਿੜਕਾ ਕਰੋ

ਉਹ, ਸਭ, ਭੇਖੀ, ਬਹੁ-ਰੂਪੀਏ, ਵੀ
ਪਤਾ ਨਹੀਂ, ਹੁਣ, ਕਿਹੜੀਆਂ
ਖੁੱਡਾਂ 'ਚ ਵੜ ਗਏ ਹਨ
ਸ਼ੁਭ ਦਿਨ ਦਾ ਮਹੂਰਤ ਕੱਢਦਿਆਂ-

ਕਰੋਨਾਵਾਇਰਸ ਮਹਾਂਮਾਰੀ ਦਾ
ਨਾਮ ਸੁਣਦਿਆਂ ਹੀ
■

(ਅੰਬਾਲਾ ਛਾਉਣੀ, ਇੰਡੀਆ, ਮਾਰਚ 27, 2020)

## ਚਾਮਚੜਿੱਕਾਂ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ, ਘਰ, ਘਰ
ਮੌਤ-ਸਿਆਪੇ ਹੋਣ ਲੱਗੇ
ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਲਾਸ਼ਾਂ ਦੇ ਅੰਬਾਰ ਲੱਗਣ ਲੱਗੇ
ਮਾਸੂਮ, ਬੇਗੁਨਾਹ, ਕੰਨਸਨਟਰੇਸ਼ਨ ਕੈਂਪਾਂ 'ਚ ਕੈਦ ਕਰ
ਹੱਡੀਆਂ ਦੀਆਂ ਮੁੱਠਾਂ ਬਣਾਏ ਜਾਣ ਲੱਗੇ
ਗੈਸ ਚੈਂਬਰਾਂ ਵਿੱਚ ਸੁੱਟ
ਸੁਆਹ ਦੇ ਢੇਰ ਬਣਾਏ ਜਾਣ ਲੱਗੇ

ਚਾਮਚੜਿੱਕਾਂ, ਤਾਂ
ਪਹਿਲਾਂ ਹੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ ਮ੍ਰਿਤਕਾਂ ਲਈ
ਹਸਪਤਾਲ, ਟਰੱਕ ਕਨਟੇਨਰ, ਸਮੁੰਦਰੀ ਬੇੜੇ
ਕਬਰਸਤਾਨ ਬਣਾਏ ਜਾਣ ਲੱਗੇ
ਬਲਿਸਟਿਕ ਮਿਜ਼ਾਈਲਾਂ, ਪ੍ਰਮਾਣੂੰ ਬੰਬ, ਐਟਮੀ ਪਣਡੁੱਬੀਆਂ
ਦੇ ਮਾਲਿਕ, ਜੋ, ਗੱਲ, ਗੱਲ 'ਤੇ

ਨੱਕਾਂ ‘ਚੋਂ ਠੂੰਹੇਂ ਸੁੱਟਦੇ ਸਨ
ਸੋਚਾਂ ‘ਚ ਡੁੱਬੇ, ਫਿਕਰਾਂ ‘ਚ
ਗੋਤੇ ਖਾਣ ਲੱਗੇ
ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ, ਧਰਮੀ ਲੋਕਾਂ ਨੇ
ਅੱਲ੍ਹਾ-ਹੂ-ਅਕਬਰ
ਰਾਮ, ਰਾਮ
ਵਾਹਿਗੁਰੂ, ਵਾਹਿਗੁਰੂ
ਜੀਸਸ, ਜੀਸਸ
ਕੂਕਦਿਆਂ, ਇੱਕ ਦੂਜੇ ਦੇ
ਸੀਨੇ ਵਿੱਚ ਖੰਜਰ ਖੋਭ
ਲਾਸ਼ਾਂ ਦੇ ਅੰਬਾਰ ਲਗਾ ਦਿੱਤੇ
ਚਾਮਚੜਿੱਕਾਂ ਦੇ ਅਜਿਹੇ
ਘਿਨਾਉਣੇ ਕਾਰਨਾਮਿਆਂ ਨੂੰ
ਹਿੰਦੁਸਤਾਨ, ਪਾਕਿਸਤਾਨ ਦੇ
ਲੋਕਾਂ ਤੋਂ ਵੱਧ ਹੋਰ ਕੌਣ
ਜਾਣ ਸਕਦਾ ਹੈ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ
-ਪੰਜਾਬ ਵਿੱਚ ਬਲੂਸਟਾਰ ਓਪਰੇਸ਼ਨ ਹੋ ਗਿਆ
-ਦਿੱਲੀ ਵਿੱਚ ਮਾਸੂਮਾਂ ਦੇ ਗਲਿਆਂ ‘ਚ ਬਲਦੇ ਟਾਇਰ ਪਾਏ ਗਏ

-ਗੁਜਰਾਤ ਵਿੱਚ ਫਿਰਕੂ ਕਤਲੇਆਮ ਹੋ ਗਿਆ
-ਯੂ.ਪੀ. ਵਿੱਚ ਬਾਬਰੀ ਮਸਜਿਦ ਢਾਹੀ ਗਈ
-ਕਸ਼ਮੀਰ ਵਿੱਚ ਕਰਫਿਊ ਲਗਾ ਦਿੱਤਾ ਗਿਆ
ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ
ਟੀਵੀ ਸਕਰੀਨਾਂ ਉੱਤੇ
ਬਿੱਲੀ ਕੁੱਤਿਆਂ ਦਾ, ਜੰਮਘਟਾ
ਇਕੱਠਾ ਹੋ, ਇੱਕ ਦੂਜੇ ਵਿਰੁੱਧ
ਧਰਮੀ ਨਫ਼ਰਤ ਦੇ, ਜ਼ਹਿਰ ਭਰੇ
ਭਾਸ਼ਨ ਦੇਣ ਲੱਗੇ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਹੁਣ ਜਿੰਨੀਆਂ
ਧਰਮੀ ਨਫ਼ਰਤ ਭਰੀਆਂ ਦਹਿਸ਼ਤਪਸੰਦ
ਨਹੀਂ ਸਨ ਹੁੰਦੀਆਂ
■
(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 22, 2020)

# ਸਾਡੇ, ਸਮਿਆਂ ਦੇ ਜੰਗਬਾਜ਼

ਜਿਨ੍ਹਾਂ, ਨਿੱਜਪ੍ਰਸਤਾਂ, ਨੇ
ਆਪਣੀਆਂ, ਤਜੌਰੀਆਂ, ਸੋਨੇ ਦੇ
ਸਿੱਕਿਆਂ ਨਾਲ, ਭਰਨ ਲਈ
ਨਸ਼ਿਆਂ ਦਾ, ਛੇਵਾਂ, ਦਰਿਆ
ਵਗਾ ਦਿੱਤਾ, ਉਨ੍ਹਾਂ, ਮੁਖੌਟਾਧਾਰੀ
ਪਤਵੰਤਿਆਂ, ਦੇ ਚਿਹਰੇ ਪਹਿਚਾਣੋ
ਸਾਡੇ, ਸਮਿਆਂ ਦੇ, ਉਨ੍ਹਾਂ
ਜੰਗਬਾਜ਼ਾਂ ਦੀਆਂ, ਅੰਤਰੀਵ
ਇਛਾਵਾਂ ਨੂੰ ਪੜ੍ਹੋ

ਜੰਗਬਾਜ਼, ਹਮੇਸ਼ਾ
ਏ.ਕੇ.-47 ਮਸ਼ੀਨ ਗੰਨਾਂ, ਤੋਪਾਂ, ਟੈਂਕਾਂ, ਹੈਂਡ ਗ੍ਰਨੇਡਾਂ, ਨਾਲ
ਲੈਸ ਹੋ ਕੇ ਨਹੀਂ ਆਉਂਦਾ
ਬਦਲ ਰਹੇ ਸਮਿਆਂ ਦਾ
ਸੁਭਾਅ ਸਮਝੋ, ਨਵੇਂ ਯੁੱਗ ਦੇ
ਕਾਤਲਾਂ ਦੇ, ਹਥਿਆਰਾਂ ਨੂੰ ਸਮਝੋ-

ਜਿਨ੍ਹਾਂ ਨੇ, ਬੱਚਿਆਂ ਦੇ ਹੱਥਾਂ 'ਚ
ਪੁਸਤਕਾਂ ਪਕੜਾਉਣ ਦੀ ਥਾਂ
ਨਸ਼ੇ ਦੇ ਇੰਜੈਕਸ਼ਨ ਫੜਾ ਦਿੱਤੇ
ਸਕੂਲ, ਕਾਲਿਜ, ਯੂਨੀਵਰਸਿਟੀਆਂ, ਜਿਨ੍ਹਾਂ ਲਈ
ਅਫੀਮ, ਚਰਸ, ਕਰੈਕ, ਕੁਕੇਨ, ਫੈਂਟਾਨਿਲ, ਵੇਚਣ ਦੀਆਂ ਮੰਡੀਆਂ ਹਨ
ਜਵਾਨੀ 'ਚ ਪੈਰ ਧਰ ਰਹੇ ਮਰਦ, ਔਰਤਾਂ, ਜਿਨ੍ਹਾਂ ਲਈ
ਨਸ਼ੇ ਦੀ ਸੰਭਾਵੀ ਵਿਸ਼ਵ ਮੰਡੀ ਹੈ, ਉਨ੍ਹਾਂ
ਵਿਉਪਾਰੀ, ਨਸ਼ੇ ਦੀਆਂ ਕਾਲੀਆਂ ਭੇਡਾਂ ਨੂੰ
ਉਨ੍ਹਾਂ, ਜੰਗਬਾਜ਼ਾਂ ਤੋਂ, ਕਦੀ ਵੀ, ਘੱਟ ਨ ਸਮਝੋ
ਜਿਨ੍ਹਾਂ ਨੇ, ਹੀਰੋਸ਼ੀਮਾ ਅਤੇ ਨਾਗਾਸਾਕੀ 'ਚ, ਐਟਮ ਬੰਬ ਸੁੱਟ
ਲੱਖਾਂ ਲੋਕਾਂ ਨੂੰ, ਪਲਾਂ-ਛਿਣਾਂ 'ਚ
ਸਵਾਹ ਦੇ ਢੇਰ ਬਣਾ ਦਿੱਤਾ ਸੀ

ਸਾਡੇ, ਸਮਿਆਂ ਦੇ ਜੰਗਬਾਜ਼
ਨਸ਼ੇ ਦੇ, ਇਹ ਸੁਦਾਗਰ
ਤੁਹਾਡੀਆਂ, ਨਸਲਾਂ ਨੂੰ, ਹੌਲੀ, ਹੌਲੀ
ਮਰਨ ਦੇ ਰਾਹ ਤੋਰਦੇ ਹਨ

ਇਹ, ਜੰਗਬਾਜ਼
ਹੌਲੀ, ਹੌਲੀ, ਤੁਹਾਡੇ
ਹੱਸਦੇ-ਵੱਸਦੇ, ਘਰਾਂ ਨੂੰ
ਸ਼ਮਸ਼ਾਨ ਭੂਮੀਆਂ 'ਚ
ਬਦਲਦੇ ਹਨ

ਮੇਰੇ, ਯਾਰੋ !
ਸਾਡੇ, ਸਮਿਆਂ ਦੇ
ਇਨ੍ਹਾਂ ਕਾਤਲਾਂ ਦੇ ਚਿਹਰੇ ਪਹਿਚਾਣੋ
ਇਨ੍ਹਾਂ, ਸਾਡੇ, ਸਮਿਆਂ ਦੇ
ਜੰਗਬਾਜ਼ਾਂ ਦੀ ਪਹਿਚਾਣ ਕਰੋ
■
(ਮਾਲਟਨ, ਫਰਵਰੀ 1, 2024)

## ਛੇਂਵਾਂ ਦਰਿਆ

ਮੇਰੇ, ਯਾਰੋ!
ਉਨ੍ਹਾਂ, ਲੋਕਾਂ ਨੂੰ ਵੀ
ਜੰਗਬਾਜ਼ ਹੀ ਕਹੀਏ-
ਜਿਨ੍ਹਾਂ ਖ਼ੁਦਗਰਜ਼ਾਂ ਨੇ, ਆਪਣੀਆਂ
ਤਜੌਰੀਆਂ ਭਰਨ ਖਾਤਰ, ਪੰਜਾਬੀਆਂ ਦੀਆਂ
ਨਸਲਾਂ ਨੂੰ ਬਰਬਾਦ ਕਰਨ ਲਈ
ਤੁਹਾਡੇ ਘਰਾਂ ਵਿੱਚ, ਨਸ਼ਿਆਂ ਦਾ
ਛੇਂਵਾਂ ਦਰਿਆ
ਵਗਾ ਦਿੱਤਾ

ਜਿਨ੍ਹਾਂ, ਭ੍ਰਿਸ਼ਟਾਚਾਰੀਆਂ ਨੇ
ਆਪਣੀਆਂ, ਸੱਤ ਸਿਤਾਰਾ, ਆਰਾਮਗਾਹਾਂ
ਉਸਾਰਨ ਲਈ, ਪੰਜਾਬ ਨੂੰ-
ਕੈਲੇਫੋਰਨੀਆ ਬਨਾਉਣ ਦੇ ਦਾਅਵੇ ਕਰ
ਅਫਗਾਨਿਸਤਾਨ ਬਣਾ ਦਿੱਤਾ

ਜਿਨ੍ਹਾਂ ਨੇ, ਪੰਜਾਬੀਆਂ ਦੀਆਂ
ਨਸਲਾਂ ਦੇ ਅੰਗ ਅੰਗ ਵਿੱਚ-
ਕਰੈਕ, ਕੁਕੇਨ, ਚਰਸ, ਫੈਂਟਾਨਿਲ, ਐਲਐਸਡੀ, ਜਿਹੇ
ਨਸ਼ਿਆਂ ਦਾ ਘਾਤਕ
ਟੀਕਾ ਲਗਾ ਦਿੱਤਾ

ਜਿਨ੍ਹਾਂ ਨੇ, ਪੰਜਾਬ ਦੀ ਉਪਜਾਊ ਧਰਤੀ 'ਚੋਂ
ਲਹਿਲਹਾਂਦੀਆਂ ਫਸਲਾਂ ਉਗਾਣ ਦੀ ਥਾਂ-
ਕੈਂਸਰ ਜਿਹੇ, ਭਿਆਨਕ ਰੋਗਾਂ ਦਾ
ਬੂਟਾ ਲਗਾ ਦਿੱਤਾ

ਜਿਨ੍ਹਾਂ ਨੇ, ਪੰਜਾਬ ਦੀ ਜਿੰਦ ਜਾਨ

ਦਰਿਆਵਾਂ ਦੇ ਪਾਣੀਆਂ ਵਿੱਚ-
ਫੈਕਟਰੀਆਂ ਦਾ ਜ਼ਹਿਰੀਲਾ ਕੂੜਾ ਸੁੱਟ, ਸੁੱਟ
ਨਿਰਮਲ ਪਾਣੀਆਂ ਨੂੰ, ਜ਼ਹਿਰ ਦੇ
ਸੋਮੇ ਬਣਾ ਦਿੱਤਾ

ਜਿਨਾਂ ਨੇ, ਪੰਜਾਬ ਦੀ ਜੁਆਨੀ ਨੂੰ
ਨਸ਼ਿਆਂ ਦੇ, ਛੇਂਵੇਂ ਦਰਿਆ 'ਚ ਡੋਬ-
ਪੰਜਾਬ ਦੀ ਧਰਤੀ ਨੂੰ
ਇੱਕ, ਵਿਸ਼ਾਲ, ਕਬਰਸਤਾਨ
ਬਣਾ ਦਿੱਤਾ

ਮੇਰੇ, ਯਾਰੋ!
ਆਪਣੀ, ਕੁੰਭਕਰਨੀ
ਨੀਂਦ 'ਚੋਂ ਜਾਗੋ-

ਉਨ੍ਹਾਂ, ਦਰਸ਼ਨੀ ਚਿਹਰਿਆਂ ਵਾਲੇ
ਖ਼ੁਦਗਰਜ਼, ਰਾਜਨੀਤੀਵਾਨਾਂ ਦੇ
ਚਿਹਰਿਆਂ ਉੱਤੇ ਲੱਗੇ, ਮੁਖੌਟੇ ਪਾੜ ਸੁੱਟੋ-
ਉਨ੍ਹਾਂ ਦੇ, ਬਘਿਆੜ-ਰੂਪੀ
ਦਰਸ਼ਨੀ ਚਿਹਰੇ, ਆਪਣੀਆਂ, ਨਹੁੰਦਰਾਂ ਨਾਲ
ਲਹੂ-ਲੁਹਾਨ ਕਰ ਸੁੱਟੋ

ਜੋ, ਨਿੱਤ, ਯੂ-ਟਿਊਬ ਚੈਨਲਾਂ ਉੱਤੇ
ਭਰਮਾਊ, ਅੱਗ ਲਗਾਊ, ਭਾਸ਼ਨ ਦਿੰਦੇ-
ਆਪਣੀਆਂ, ਲੰਬੀਆਂ, ਲੰਬੀਆਂ, ਦਾਹੜੀਆਂ ਨੂੰ
ਕੁੱਤਿਆਂ ਦੀਆਂ, ਪੂਛਾਂ ਦੇ ਵਾਂਗ
ਪਲੋਸਦੇ ਹਨ

ਇਨ੍ਹਾਂ, ਨਸ਼ਿਆਂ ਦਿਆਂ ਵਿਉਪਾਰੀਆਂ
ਇਨ੍ਹਾਂ, ਗੈਂਗਸਟਰ ਗ੍ਰੋਹਾਂ
ਇਨ੍ਹਾਂ, ਡਾਲਰਾਂ ਵਾਂਗ ਵਿਕਦੇ -
ਗੈਂਗਸਟਰ ਗੀਤਾਂ ਦੇ ਗਾਇਕਾਂ ਦੀਆਂ
ਅੰਤਰੀਵ, ਦੁਸ਼ਟ, ਇਛਾਵਾਂ ਨੂੰ
ਪੜ੍ਹਨਾ ਸਿੱਖੋ

ਇਨ੍ਹਾਂ, ਜੰਗਬਾਜ਼ਾਂ ਨੇ
ਇਨ੍ਹਾਂ, ਭ੍ਰਿਸ਼ਟਾਚਾਰੀਆਂ ਨੇ
ਇਨ੍ਹਾਂ, ਮੁਖੌਟਾਧਾਰੀ ਰਾਜਨਤੀਤੀਵਾਨਾਂ ਨੇ
ਇਨ੍ਹਾਂ, ਅੱਗ ਲਗਾਊ ਭਾਸ਼ਨਕਾਰਾਂ ਨੇ
ਇਨ੍ਹਾਂ, ਨਸ਼ਿਆਂ ਦੇ ਵਿਉਪਾਰੀਆਂ ਨੇ
ਇਨ੍ਹਾਂ, ਗੈਂਗਸਟਰ ਗਾਇਕਾਂ ਦੇ ਗ੍ਰੋਹਾਂ ਨੇ-
ਪੰਜਾਬ ਦੇ ਰੰਗਲੇ ਸਭਿਆਚਾਰ ਨੂੰ-
ਨਸ਼ਿਆਂ ਦੇ, ਛੇਂਵੇਂ ਦਰਿਆ 'ਚ
ਵਹਾ ਦਿੱਤਾ

ਇਨ੍ਹਾਂ ਨੇ, ਪੰਜਾਬ ਦੇ
ਰੰਗਲੇ ਸਭਿਆਚਾਰ ਨੂੰ-
ਨਸ਼ਿਆਂ ਦਾ, ਭਰਿਸ਼ਟ
ਸਭਿਆਚਾਰ ਬਣਾ ਦਿੱਤਾ
ਵਕਤ ਦੀ ਆਵਾਜ਼ ਹੈ-
-ਉੱਠੋ, ਮੇਰੇ, ਯਾਰੋ!
-ਉੱਠੋ, ਪੰਜਾਬ ਦੇ
ਵਾਲੀ-ਵਾਰਸੋ

ਉੱਠਣ ਤੋਂ ਬਿਨ੍ਹਾਂ
ਹੁਣ, ਬਾਤ ਨਹੀਂ ਬਨਣੀ
ਉੱਠਣ ਤੋਂ ਬਿਨ੍ਹਾਂ
ਹੁਣ, ਅਸਾਡੀ
ਹੋਂਦ ਨਹੀਂ ਬਚਣੀ
■

(ਮਾਲਟਨ, ਫਰਵਰੀ 7, 2024)

# ਪੰਜਾਬ ਅਤੇ ਪੰਜਾਬੀਆਂ ਦੀ ਤ੍ਰਾਸਦੀ

ਸਾਡੇ ਸਮਿਆਂ ਵਿੱਚ
ਬਸ, ਨਾਹਰੇਬਾਜ਼ਾਂ ਦਾ ਹੀ
ਬੋਲਬਾਲਾ ਹੈ–

ਨਾਹਰੇਬਾਜ਼ੀ ਕਰਨਾ ਹੀ
ਉਨ੍ਹਾਂ ਦਾ, ਧੰਦਾ ਹੈ
ਉਨ੍ਹਾਂ ਦਾ, ਰੋਜ਼ਗਾਰ ਹੈ

ਬੌਧਿਕ ਤੌਰ 'ਤੇ ਕੰਗਾਲ, ਵਿਹਲੜ
ਪੰਜਾਬੀ, ਮੁੰਡੀਰ, ਮਕਾਰ, ਮੌਕਾਪ੍ਰਸਤ
ਦਲਾਲ, ਮੀਡੀਆ ਦੀ ਕਾਵਾਂਰੌਲੀ
ਸੁਣ ਕੇ ਹੀ ਤੁਰ ਪੈਂਦੀ ਹੈ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਧਰਨੇ ਲਗਾਉਣ ਲਈ
ਨਾਹਰੇ ਲਗਾਉਣ ਲਈ

ਉਨ੍ਹਾਂ ਨੇ, ਤਾਂ
ਬਸ, ਤੁਰ ਪੈਣਾ ਹੈ–
ਕਿਸੇ ਵੀ, ਦਰਸ਼ਨੀ ਚਿਹਰੇ ਵਾਲੇ
ਮੁਖੌਟਾਧਾਰੀ, ਰਾਜਨੀਤੀਵਾਨ, ਦੀਆਂ
ਅੰਤਰੀਵ, ਇਛਾਵਾਂ ਨੂੰ ਸਮਝੇ ਬਗੈਰ
ਪੂਛਾਂ ਹਿਲਾਂਦੇ ਹੋਏ, ਬਿਨ੍ਹਾਂ ਕੁਝ ਸੋਚੇ
ਬਿਨ੍ਹਾਂ ਕੁਝ ਸਮਝੇ, ਜੰਗਬਾਜ਼ਾਂ ਵਾਂਗ
ਪੂਰੇ ਹਿੱਕ ਦੇ ਜ਼ੋਰ ਨਾਲ
ਆਕਾਸ਼ ਗੁੰਜਾਊ
ਨਾਹਰੇ ਲਗਾਂਦੇ ਹੋਏ:
–ਗੈਂਗਸਟਰਾ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
–ਡਰੱਗ–ਮਾਫ਼ੀਆ ਦੇ ਜਰਨੈਲਾ, ਤੇਰੀ ਸੋਚ 'ਤੇ

ਪਹਿਰਾ ਦਿਆਂਗੇ ਠੋਕ ਕੇ
-ਗੋਲਕ ਚੋਰਾ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
-ਭ੍ਰਿਸ਼ਟਾਚਾਰੀਆ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
-ਬਲਾਤਕਾਰੀਆ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
-ਡਰੱਗ ਦੇ ਵੱਡੇ ਵਿਉਪਾਰੀਆ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
-ਧਰਮ ਦੇ ਨਾਮ ਉੱਤੇ ਕਤਲੇਆਮ ਕਰਵਾਉਣ ਵਾਲਿਆ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
-ਟ੍ਰੈਵਲ ਏਜੰਟਾਂ ਤੋਂ ਫਿਰੌਤੀਆਂ ਮੰਗਣ ਵਾਲਿਆ, ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ
■

(ਮਾਲਟਨ, ਫਰਵਰੀ 4, 2024)

## ਸਾਡਾ ਹੱਕ, ਇੱਥੇ ਰੱਖ

ਜੰਗ ਲੜਣ ਤੋਂ ਪਹਿਲਾਂ
ਉਸਦਾ, ਉਦੇਸ਼, ਵੀ, ਸਪੱਸ਼ਟ
ਸਮਝਣਾ ਜ਼ਰੂਰੀ ਹੁੰਦਾ ਹੈ-

ਜੰਗ, ਜੇਕਰ
-ਆਮ ਲੋਕਾਂ ਦੇ, ਹੱਕਾਂ ਲਈ
-ਆਮ ਲੋਕਾਂ ਦੀ, ਜ਼ਿੰਦਗੀ ਦੀ ਬੇਹਤਰੀ ਲਈ
-ਆਮ ਲੋਕਾਂ ਦੀ, ਆਜ਼ਾਦੀ ਲਈ
-ਆਮ ਲੋਕਾਂ ਉੱਤੇ ਹੁੰਦੇ, ਜ਼ੁਲਮ ਨੂੰ ਰੋਕਣ ਲਈ
ਲੜੀ ਜਾਂਦੀ ਹੈ, ਤਾਂ
ਅਜਿਹੀ, ਜੰਗ ਦਾ
ਨਿਰਸੰਦੇਹ, ਸੁਆਗਤ ਹੈ

ਲੋਕ ਭਲਾਈ ਦੇ, ਸਪੱਸ਼ਟ
ਉਦੇਸ਼ ਦਾ ਪ੍ਰਚਮ
ਬੁਲੰਦ ਕਰਦਿਆਂ-
-ਜੰਗ, ਤਾਂ
ਗੁਰੂ ਗੋਬਿੰਦ ਸਿੰਘ ਨੇ ਵੀ ਲੜੀ ਸੀ
-ਜੰਗ, ਤਾਂ
ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਲੜੀ ਸੀ
-ਜੰਗ, ਤਾਂ
ਹੋ ਚੀ ਮਿੰਨ ਨੇ ਵੀ ਲੜੀ ਸੀ
-ਜੰਗ, ਤਾਂ
ਮਾਓ-ਜ਼ੇ-ਤੁੰਗ ਨੇ ਵੀ ਲੜੀ ਸੀ
-ਜੰਗ, ਤਾਂ
ਸਟਾਲਿਨ ਨੇ ਵੀ ਲੜੀ ਸੀ
-ਜੰਗ, ਤਾਂ
ਫੀਦਲ ਕਾਸਤਰੋ ਨੇ ਵੀ ਲੜੀ ਸੀ
-ਜੰਗ, ਤਾਂ

ਗਦਰੀ ਬਾਬਿਆਂ ਨੇ ਵੀ ਲੜੀ ਸੀ

ਪਰ, ਜੇਕਰ
ਜੰਗ, ਮਹਿਜ਼
ਸਰਮਾਏਦਾਰਾਂ ਦੀਆਂ ਤਜੌਰੀਆਂ
ਭਰਨ ਲਈ ਲੜੀ ਜਾਂਦੀ ਹੈ

ਪਰ, ਜੇਕਰ
ਜੰਗ, ਮਹਿਜ਼
ਹਥਿਆਰਾਂ ਦੀਆਂ ਫੈਕਟਰੀਆਂ
ਚੱਲਦੀਆਂ ਰੱਖਣ ਲਈ ਲੜੀ ਜਾਂਦੀ ਹੈ

ਪਰ, ਜੇਕਰ
ਜੰਗ, ਮਹਿਜ਼
ਵਿਸ਼ਵ ਦੀਆਂ ਮੰਡੀਆਂ ਉੱਤੇ
ਕਬਜ਼ਾ ਕਰਨ ਲਈ ਲੜੀ ਜਾਂਦੀ ਹੈ

ਪਰ, ਜੇਕਰ
ਜੰਗ, ਮਹਿਜ਼
ਮਾਸੂਮਾਂ, ਬੇਗੁਨਾਹਾਂ, ਬੇਸਹਾਰਿਆਂ, ਦਾ
ਕਤਲ ਕਰਨ ਲਈ ਲੜੀ ਜਾਂਦੀ ਹੈ

ਪਰ, ਜੇਕਰ
ਜੰਗ, ਮਹਿਜ਼
ਆਮ ਲੋਕਾਂ ਦਾ ਕਤਲੇਆਮ ਕਰਨ
ਧਾਰਮਿਕ ਦਹਿਸ਼ਤਗਰਦੀ ਫੈਲਾਉਣ ਲਈ ਲੜੀ ਜਾਂਦੀ ਹੈ

ਪਰ, ਜੇਕਰ
ਜੰਗ, ਮਹਿਜ਼
ਕਿਸੇ ਵਿਅਕਤੀ ਨੂੰ ਗੱਦੀ ਤੋਂ ਉਤਾਰ
ਰਾਜਸਿੰਘਾਸਨ ਦੇ ਕਬਜ਼ੇ ਲਈ ਲੜੀ ਜਾਂਦੀ ਹੈ

ਤਾਂ, ਅਜਿਹੀ
ਲੋਕਾਂ ਲਈ ਘਾਤਕ

ਜੰਗ ਦੇ ਵਿਰੁੱਧ
ਆਵਾਜ਼ ਬੁਲੰਦ ਕਰਨਾ
ਜ਼ਰੂਰੀ ਹੈ

ਤਾਂ, ਅਜਿਹੀ
ਲੋਕ ਵਿਰੋਧੀ
ਜੰਗ ਦੇ ਖਿਲਾਫ਼
ਪ੍ਰਚਮ ਲਹਿਰਾਉਣਾ
ਜ਼ਰੂਰੀ ਹੈ
■

(ਮਾਲਟਨ, ਫਰਵਰੀ 6, 2024)

# ਗਲੋਬਲੀਕਰਨ-7

ਓ ਜੰਗ ਦੇ ਵਣਜਾਰਿਓ
ਅਮਨ ਨੂੰ ਮੌਕਾ ਦਿਓ
ਬੱਚਿਆਂ ਲਈ, ਬਿਰਖਾਂ ਲਈ,
ਫਸਲਾਂ ਲਈ-

ਧਰਤੀ ਦਾ ਚੱਪਾ, ਚੱਪਾ
ਲਹੂ-ਲੂਹਾਨ ਹੈ
ਧਰਤੀ ਦੇ ਜਾਇਆਂ ਨੂੰ ਤਾਂ
ਦੋ ਵੇਲੇ ਦੀ ਰੋਟੀ ਚਾਹੀਦੀ ਸੀ
ਰਹਿਣ ਲਈ ਇੱਕ ਕੁੱਲੀ
ਤਨ ਢਕਣ ਲਈ ਬਸ ਦੋ ਕੱਪੜੇ
ਇਹ ਕਿਸ ਦੀਆਂ ਲਾਲਸਾਵਾਂ ਨੇ
ਧਰਤੀ ਦੇ ਸੁਰਗ ਨੂੰ
ਨਰਕ ਬਣਾ ਦਿੱਤਾ ਹੈ
ਇਹ ਕੇਹੀ ਵਿੱਦਿਆ ਹੈ
ਕੇਹਾ ਸਭਿਆਚਾਰ
ਜਿਸ ਨੇ ਸਾੜ ਸੁੱਟੇ ਨੇ
ਸਾਡੇ ਤਨ, ਮਨ

ਓ ਜੰਗ ਦੇ ਵਣਜਾਰਿਓ
ਅਮਨ ਨੂੰ ਮੌਕਾ ਦਿਓ
ਬੱਚਿਆਂ ਲਈ, ਬਿਰਖਾਂ ਲਈ,
ਫਸਲਾਂ ਲਈ-

ਅੱਖਾਂ ਤੋਂ ਅੰਨ੍ਹਿਓਂ, ਵੇਖੋ ਜ਼ਰਾ :
ਹਨ੍ਹੇਰੀਆਂ ਰਾਤਾਂ 'ਚ ਮਿਸ਼ਾਲਾਂ ਬਨਣ ਲਈ
ਧਰਤੀ ਦੇ ਕੋਨੇ, ਕੋਨੇ 'ਤੇ
ਉੱਠ ਰਹੇ ਹਜ਼ਾਰਾਂ ਹੱਥਾਂ ਦੇ ਇਸ਼ਾਰੇ;

ਕੰਨਾਂ ਤੋਂ ਬੋਲਿਓ, ਸੁਣੋ ਜ਼ਰਾ :
ਜੰਗਬਾਜ਼ਾਂ ਦੇ ਗੁੱਟ ਫੜਨ ਲਈ
ਪਿੰਡਾਂ, ਬਸਤੀਆਂ, ਸ਼ਹਿਰਾਂ ਵਿੱਚ
ਉੱਠ ਰਹੇ ਹਜ਼ਾਰਾਂ ਹੱਥਾਂ ਦਾ ਸ਼ੋਰ;
ਅਹਿਸਾਸਾਂ ਤੋਂ ਸੱਖਣੇ ਪੱਥਰੋ, ਮਹਿਸੂਸੋ ਜ਼ਰਾ :
ਸੜ ਰਹੀ ਧਰਤੀ 'ਤੇ ਮੀਂਹ ਵਰਸਾਉਣ ਲਈ
ਵਾਸ਼ਿੰਗਟਨ, ਲੰਡਨ, ਦਿੱਲੀ, ਟੋਰਾਂਟੋ 'ਚ
ਉੱਠ ਰਹੇ ਹਜ਼ਾਰਾਂ ਹੱਥਾਂ ਦੀ ਤਾਕਤ;
ਧਰਤੀ ਦੇ ਕਪੁੱਤਰੋ, ਸੁੰਘੋ ਜ਼ਰਾ :
ਬੰਬਾਂ ਨੇ ਬੰਜਰ ਕੀਤੀ ਧਰਤੀ 'ਤੇ ਫੁੱਲ ਉਗਾਉਣ ਲਈ
ਹੀਰੋਸ਼ੀਮਾ, ਨਾਗਾਸਾਕੀ, ਹਨੋਏ, ਬਗਦਾਦ, ਕਾਬੁਲ 'ਚ
ਉੱਠ ਰਹੇ ਹਜ਼ਾਰਾਂ ਹੱਥਾਂ 'ਚ ਫੜੇ ਫੁੱਲਾਂ ਦੇ ਗੁਲਦਸਤੇ

ਓ ਜੰਗ ਦੇ ਵਣਜਾਰਿਓ
ਅਮਨ ਨੂੰ ਮੌਕਾ ਦਿਓ
ਬੱਚਿਆਂ ਲਈ, ਬਿਰਖਾਂ ਲਈ,
ਫਸਲਾਂ ਲਈ-

ਇਹ ਕੇਹਾ ਗਿਆਨ-ਵਿਗਿਆਨ
ਜੋ ਮਨੁੱਖਤਾ ਦਾ ਕਤਲੇਆਮ ਕਰਨ ਦੇ ਮਨਸੂਬੇ ਘੜ ਰਿਹਾ
ਇਹ ਕੇਹਾ ਸੰਚਾਰ-ਮਾਧਿਅਮ
ਜੋ ਜੰਗਬਾਜ਼ਾਂ ਦੇ ਸੋਹਲੇ ਗਾਉਣ ਵਿੱਚ ਗਲਤਾਨ ਹੈ
ਇਹ ਕੇਹੀ ਯੂ.ਐਨ.ਓ.
ਜੋ ਲੱਠਮਾਰਾਂ ਲਈ ਰੰਗਮੰਚ ਬਣ ਕੇ ਰਹਿ ਗਈ
ਇਹ ਕੇਹੀ ਜ਼ੁਬਾਨ
ਜੋ ਨਿਤ ਨਫਰਤ ਭਰੇ ਫੌਜੀ ਹੁਕਮ ਗੁਣਗੁਣਾ ਰਹੀ

ਓ ਜੰਗ ਦੇ ਵਣਜਾਰਿਓ
ਅਮਨ ਨੂੰ ਮੌਕਾ ਦਿਓ
ਬੱਚਿਆਂ ਲਈ, ਬਿਰਖਾਂ ਲਈ,
ਫਸਲਾਂ ਲਈ

■

(ਮਾਲਟਨ, ਜਨਵਰੀ 28, 2007)

# ਅਮਨ ਅਤੇ ਜੰਗ

ਅਮਨ ਵਿੱਚ–
–ਫੁੱਲ ਖਿੜਦੇ ਹਨ
–ਤਿਤਲੀਆਂ ਉੱਡਦੀਆਂ ਹਨ
–ਫਸਲਾਂ ਲਹਿਲਹਾਂਦੀਆਂ ਹਨ
–ਲੋਕ ਮੁਸਕਰਾਂਦੇ ਹਨ

ਜੰਗ ਵਿੱਚ–
–ਫਸਲਾਂ ਸੜਦੀਆਂ ਹਨ
–ਲਾਸ਼ਾਂ ਦੇ ਅੰਬਾਰ ਲੱਗਦੇ ਹਨ
–ਇਮਾਰਤਾਂ ਖੰਡਰ ਬਣਦੀਆਂ ਹਨ
–ਘਰਾਂ ਦੇ ਚੁੱਲ੍ਹਿਆਂ ਵਿੱਚ ਸਵਾਹ ਉੱਡਦੀ ਹੈ

ਪਰ, ਫਿਰ ਵੀ
ਪਤਾ ਨਹੀਂ, ਕਿਉਂ–
ਮਨੁੱਖ, ਮੁੜ, ਮੁੜ
ਧਰਤੀ ਦੇ ਚੱਪੇ, ਚੱਪੇ, ਉੱਤੇ
ਜੰਗ ਦੀ ਅੱਗ ਦੇ
ਭਾਂਬੜ ਬਾਲਦਾ ਹੈ
ਮਨੁੱਖੀ ਲਾਸ਼ਾਂ ਦੇ
ਅੰਬਾਰ ਲਗਾਂਦਾ ਹੈ
ਮਨੁੱਖੀ ਖ਼ੂਨ ਦੇ
ਦਰਿਆ ਵਗਾਂਦਾ ਹੈ
ਖ਼ੂਨ–ਪਸੀਨੇ ਨਾਲ ਉੱਸਰੀਆਂ
ਇਮਾਰਤਾਂ, ਖੰਡਰ ਬਣਾਂਦਾ ਹੈ

ਮਨੁੱਖ ਦੀ, ਮੈਂ ਮੈਂ ਨੇ
ਹੀਰੋਸ਼ੀਮਾ, ਨਾਗਾਸਾਕੀ, ਜਿਹੇ, ਹੱਸਦੇ–ਵੱਸਦੇ, ਸ਼ਹਿਰ
ਪਲਾਂ–ਛਿਣਾਂ 'ਚ, ਮਿੱਟੀ ਦੇ ਢੇਰ ਬਣਾ ਦਿੱਤੇ

ਮਨੁੱਖ 'ਚ ਜਨਮੀ, ਹਿਟਲਰੀ ਨਫ਼ਰਤ ਨੇ
ਲੱਖਾਂ ਲੋਕਾਂ ਨੂੰ, ਗੈਸ ਚੈਂਬਰਾਂ 'ਚ ਸੁੱਟ
ਸਵਾਹ ਦੇ ਢੇਰਾਂ 'ਚ ਬਦਲ ਦਿੱਤਾ

ਮਨੁੱਖ ਦੀ, ਵਿਚਾਰਧਾਰਕ ਅੰਨ੍ਹੀ ਨਫ਼ਰਤ ਨੇ
ਵੀਅਤਨਾਮ ਦੇ ਚੱਪੇ, ਚੱਪੇ, ਉੱਤੇ
ਨਾਪਾਮ ਬੰਬਾਂ ਦੀ ਬਰਸਾਤ ਕਰ ਦਿੱਤੀ

ਮਨੁੱਖ ਦੀ, ਵਾਧੂ ਧਰਤੀ ਉੱਤੇ ਕਾਬਜ਼ ਹੋਣ ਦੀ ਲਾਲਸਾ ਨੇ
ਫਲਸਤੀਨੀ ਲੋਕਾਂ ਦਾ ਕਤਲੇਆਮ ਕਰਨ ਵਿੱਚ
ਦੁਨੀਆ ਦੇ ਸਭ ਰਿਕਾਰਡ ਮਾਤ ਪਾ ਦਿੱਤੇ

ਇਸ ਧਰਤੀ ਉੱਤੇ, ਤਾਂ
ਹਰ ਕੋਈ, ਅਮਨ ਦੀ ਹੀ
ਕਾਮਨਾ ਕਰਦਾ ਹੈ-

ਪਰ, ਫਿਰ, ਇਹ
ਜੰਗਬਾਜ਼ ਕੌਣ ਹਨ, ਜੋ
ਮੁੜ, ਮੁੜ, ਧਰਤੀ ਦੇ
ਕਦੀ ਕਿਸੀ, ਕਦੀ ਕਿਸੀ
ਕੋਨੇ ਵਿੱਚ, ਜੰਗ ਦੀ
ਅੱਗ ਦੇ ਭਾਂਬੜ
ਬਾਲ ਰਹੇ ਹਨ !
■
(ਮਾਲਟਨ, ਜਨਵਰੀ 29, 2024)

# ਜੰਗਬਾਜ਼ਾਂ ਨੂੰ ਥੂਹ ਥੂਹ ਆਖੋ

ਜੰਗਬਾਜ਼ਾਂ ਨੂੰ ਥੂਹ ਥੂਹ ਆਖੋ
ਸਰਹੱਦਾਂ ਉੱਤੇ ਬੰਦੂਕਾਂ ਨਹੀਂ
ਸੁਰਖ਼ ਗੁਲਾਬਾਂ ਨੂੰ ਮਹਿਕਾਓ
ਕੁੜੀਆਂ ਦੇ ਝੂਟਣ ਲਈ ਪੀਂਘਾਂ ਪਾਓ
ਬੱਚਿਆਂ ਦੇ ਖੇਡਣ ਲਈ ਮੈਦਾਨ ਬਣਾਓ
ਸਰਹੱਦਾਂ ਦੇ ਦੋਵੇਂ ਪਾਸੇ ਹੀ
ਹੱਡ-ਮਾਸ ਦੇ ਬੰਦੇ ਵਸਦੇ
ਬੰਦਿਆਂ ਵਾਲੀ ਰੀਤ ਚਲਾਓ
ਕਿੰਝ ਵੱਖ ਕਰ ਲਓਗੇ, ਤੁਸੀਂ
ਬਾਬਾ ਨਜਮੀਂ, ਪਾਸ਼, ਸੰਤ ਰਾਮ ਉਦਾਸੀ, ਅੰਮ੍ਰਿਤਾ
ਫ਼ਖ਼ਰ ਜ਼ਮਾਂ, ਮੁਨੀਰ ਨਿਆਜ਼ੀ, ਸ਼ਿਵ ਕੁਮਾਰ ਨੂੰ
ਐਵੇਂ ਨ ਅੱਖਾਂ ਬੰਦ ਕਰਕੇ
ਇੱਕ ਦੂਜੇ ਦੀ, ਛਾਤੀ ਉੱਤੇ
ਮੁੜ, ਮੁੜ, ਡੂੰਘੇ
ਜ਼ਖਮ ਲਗਾਓ

ਜੰਗਬਾਜ਼ਾਂ ਨੂੰ ਥੂਹ ਥੂਹ ਆਖੋ
ਮੰਟੋ ਦੀ ਗੱਲ ਮੰਨ ਲਓ
ਚਾਹੇ, ਅਫ਼ਜ਼ਲ ਸਾਹਿਰ ਦੀ
ਦਾਮਨ ਨੇ ਵੀ ਇਹੀ ਗੱਲ ਕਹਿਣੀ
ਦਿਲਾਂ ਵਾਲੇ ਬੂਹੇ ਬੰਦ ਕਰਨ ਦੀ ਗੱਲ
ਕਿਸੀ ਨ ਕਹਿਣੀ, ਕਿੰਜ ਰੋਕੋਗੇ, ਤੁਸੀਂ
ਹੂਕ ਰੇਸ਼ਮਾ, ਨੂਰ ਜਹਾਂ, ਆਲਮ ਲੁਹਾਰ ਦੀ
ਅੰਮ੍ਰਿਤਸਰ ਤੱਕ ਪਹੁੰਚਣ ਤੋਂ
ਕਿੰਜ ਰੋਕੇਗੇ ਲਾਹੌਰ 'ਚ ਵਸਦੇ ਲੋਕਾਂ ਨੂੰ
ਗੁਰਦਾਸ ਮਾਨ, ਸੁਰਿੰਦਰ ਕੌਰ, ਕੁਲਦੀਪ ਮਾਣਕ ਦੇ
ਮੋਹ ਭਿੱਜੇ, ਗੀਤ ਸੁਣਣ ਤੋਂ

ਰੋਕ ਲਵੋ, ਭਗਤ ਸਿੰਘ ਦੇ ਬੋਲਾਂ ਨੂੰ
ਜੇ ਰੋਕ ਸਕੋ ਤਾਂ, ਜੋ ਅੱਜ ਵੀ
ਗੂੰਜ ਰਹੇ ਲਾਹੌਰ ਦੀਆਂ ਗਲੀਆਂ ਵਿੱਚ
'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਬਣਕੇ
ਕੁਝ ਤਾਂ ਹੋਵੇਗਾ, ਰਾਵੀ, ਜੇਹਲਮ
ਸਤਲੁਜ, ਬਿਆਸ, ਚਨਾਬ ਦੇ ਪਾਣੀਆਂ ਵਿੱਚ
ਅੱਜ ਵੀ, ਜਦ, ਲਾਹੌਰ ਦਾ ਵਾਸੀ
ਮਿਲਦਾ, ਅੰਮ੍ਰਿਤਸਰ ਦੇ ਵਾਸੀ ਨੂੰ
ਦੋਹਾਂ ਦੀਆਂ ਅੱਖਾਂ 'ਚੋਂ, ਹੰਝੂ ਡਿੱਗਦੇ
ਘੁੱਟ ਲੈਂਦੇ ਉਹ, ਇੱਕ ਦੂਜੇ ਨੂੰ
ਆਪਣੀਆਂ ਬਾਹਾਂ ਵਿੱਚ

ਜੰਗਬਾਜ਼ਾਂ ਨੂੰ ਥੂਹ ਥੂਹ ਆਖੋ
ਬੰਦਿਆਂ ਵਾਲੀ ਗੱਲ ਕਰੋ ਕੋਈ
ਉੱਡਣ ਦਿਓ ਸਰਹੱਦਾਂ 'ਤੇ
ਅਮਨ ਦੀਆਂ ਘੁੱਗੀਆਂ
ਸੱਸੀ-ਪੁਨੂੰ, ਮਿਰਜ਼ਾ-ਸਾਹਿਬਾਂ, ਕੀਮਾ-ਮਲਕੀ
ਦੀ ਹੇਕ ਲਗਾਓ, ਪੈਣ ਦਿਓ
ਗਿੱਧੇ-ਭੰਗੜੇ, ਸਰਹੱਦਾਂ ਦੇ ਦੋਨੋਂ ਪਾਸੇ ਹੀ
ਵਿੱਚ ਹਵਾਵਾਂ, ਇੱਕ ਦੂਜੇ ਲਈ
ਭੇਜੋ, ਪਿਆਰ ਦੇ ਚੁੰਮਨ
ਦੋਵੇਂ ਪਾਸੇ ਵਸਦੀ, ਆਪਣੀ ਆਪਣੀ
ਮਹਿਬੂਬਾ ਜਾਂ ਮਹਿਬੂਬ ਲਈ
ਹੱਥਾਂ ਵਿੱਚ ਫੜਿਆ, ਰੁਮਾਲ ਰੇਸ਼ਮੀ
ਚੁੰਮ, ਚੁੰਮ, ਹਿਲਾਓ
ਹਵਾ 'ਚ ਉੱਡਦੇ, ਮਹਿਬੂਬਾ ਦੇ
ਲਾਲ ਦੁਪੱਟੇ ਵਾਂਗੂੰ
■

(ਮਾਲਟਨ, ਅਕਤੂਬਰ 4, 2016)

## ਅਮਨ

ਚਾਹੇ, ਕਿਸੇ ਵੀ ਬਹਾਨੇ
ਖੁਸ਼ਗਵਾਰ ਹਵਾ ਦਾ ਝੋਕਾ ਆਵੇ
ਖਿੜੇ ਮੱਥੇ, ਉਸਦਾ
ਸਵਾਗਤ ਕਰੋ-

ਸਰਹੱਦਾਂ ਉੱਤੇ ਚੱਲਦੀਆਂ
ਗੋਲੀਆਂ ਦੀ ਦਨਦਨਾਹਟ
ਜਾਂ ਤੋਪਾਂ ਦੇ ਗੋਲਿਆਂ ਦੀ
ਗੜਗੜਾਹਟ, ਕਦੀ ਵੀ
ਚਿਹਰਿਆਂ ਉੱਤੇ, ਮੁਸਕਰਾਹਟਾਂ
ਨਹੀਂ ਬਿਖੇਰਦੀ, ਅਛੋਪੋਲੇ ਜਿਹੇ
ਹੋਠਾਂ ਉੱਤੇ, ਕਿਸੇ ਮਧੁਰ ਗੀਤ ਦੀ
ਧੁਨ ਨਹੀਂ ਛੇੜਦੀ

ਰਾਜਨੀਤੀ, ਆਪਣੇ ਭ੍ਰਿਸ਼ਟ
ਇਰਾਦਿਆਂ ਦੀ ਪੂਰਤੀ ਹਿਤ
ਜਦ ਵੀ ਚਾਹੇ, ਜਿੱਥੇ ਵੀ ਚਾਹੇ
ਕਿਸੀ ਵੀ ਬਹਾਨੇ, ਦੋ ਦੇਸਾਂ ਦੀਆਂ
ਸਰਹੱਦਾਂ ਉੱਤੇ, ਗੋਲੀਆਂ
ਬੰਬਾਂ ਦੀ ਬਰਖਾ ਕਰ
ਮਾਸੂਮ, ਬੇਗੁਨਾਹ, ਭੋਲੇ ਭਾਲੇ
ਲੋਕਾਂ ਦੇ ਮਨਾਂ ਵਿੱਚ
ਦਹਿਸ਼ਤ ਦਾ ਸਹਿਮ
ਫੈਲਾ ਸਕਦੀ ਹੈ

ਘਰਾਂ ਦੇ ਚੁੱਲ੍ਹਿਆਂ ਦੀ ਸਵਾਹ
ਘਰਾਂ 'ਚ ਵੱਸਦੇ ਲੋਕਾਂ ਦੇ
ਸਿਰਾਂ ਵਿੱਚ ਪਾ ਸਕਦੀ ਹੈ

ਹੱਸਦੇ-ਵਸਦੇ, ਘਰਾਂ 'ਚ
ਚੀਕਾਂ, ਕੁਰਲਾਹਟਾਂ, ਵੈਣਾਂ ਦਾ
ਖੇਲ੍ਹ ਰਚਾ ਸਕਦੀ ਹੈ
ਭੰਗੜੇ, ਗਿੱਧਿਆਂ ਦੀ ਥਾਂ
ਮੋਢਿਆਂ ਉੱਤੇ, ਜਵਾਨ
ਧੀਆਂ, ਪੁੱਤਰਾਂ ਦੀਆਂ
ਲਾਸ਼ਾਂ ਦੀਆਂ ਅਰਥੀਆਂ ਦਾ
ਭਾਰ ਚੁਕਾ ਸਕਦੀ ਹੈ

ਜਿਨ੍ਹਾਂ ਤੱਕੇ ਨੇ
ਗੈਸ ਚੈਂਬਰਾਂ ਵਿੱਚ
ਸਵਾਹ ਦਾ ਢੇਰ
ਹੁੰਦੇ ਲੋਕ
ਜਿਨ੍ਹਾਂ ਤੱਕੇ ਨੇ
ਗਲਾਂ ਵਿੱਚ ਬਲਦੇ
ਟਾਇਰ ਪਾਕੇ
ਸਾੜੇ ਜਾਂਦੇ ਲੋਕ
ਜਿਨ੍ਹਾਂ ਤੱਕੇ ਨੇ
ਗੱਡੀਆਂ, ਬੱਸਾਂ 'ਚ
ਧਰਮ ਦੇ ਨਾਮ ਉੱਤੇ
ਮਾਰੇ ਜਾਂਦੇ ਲੋਕ
ਜਿਨ੍ਹਾਂ ਤੱਕੇ ਨੇ
ਜਨੂੰਨੀ ਆਤਮਘਾਤੀ
ਹਮਲਿਆਂ ਵਿੱਚ
ਚੀਥੜਾ ਚੀਥੜਾ
ਕੀਤੇ ਜਾਂਦੇ ਲੋਕ

ਉਹੀ ਦਸ ਸਕਦੇ ਨੇ
ਅਮਨ ਦੇ ਅਰਥ

ਇਹ ਖੁਸ਼ਗਵਾਰ
ਹਵਾ ਦਾ ਝੋਕਾ
-ਚਾਹੇ, ਨਾਨਕ
-ਚਾਹੇ, ਮੁਹੰਮਦ

-ਚਾਹੇ, ਈਸਾ
-ਚਾਹੇ, ਕ੍ਰਿਸ਼ਨ
-ਚਾਹੇ, ਬੁੱਧ
ਜਾਂ ਕਿਸੇ ਵੀ ਹੋਰ
ਨਾਮ 'ਤੇ ਆਵੇ

ਮੇਰੇ ਯਾਰੋ-
ਉਸ, ਖੁਸ਼ਗਵਾਰ
ਹਵਾ ਦੇ
ਝੋਕੇ ਦਾ
ਸਵਾਗਤ ਕਰੋ
■

(ਮਾਲਟਨ, ਦਸੰਬਰ 3, 2018)

## ਖ਼ਤਰਨਾਕ ਪੁਸਤਕ

ਪੁਸਤਕ ਪੜ੍ਹ ਕੇ
ਸੁਸਰੀ ਵਾਂਗੂੰ, ਸੌਂ ਗਏ
ਸਭ, ਸਾਹਿਤਕਾਰ–

ਪੁਸਤਕ ਵਿੱਚ, ਲਿਖੇ ਹੋਏ
ਸ਼ਬਦਾਂ 'ਚੋਂ, ਵਿਸਫੋਟ ਹੁੰਦੇ ਸਨ
ਸ਼ਬਦ ਰੂਪੀ, ਜਵਾਲਾ ਮੁਖੀ, ਲਾਵਾ
ਉਗਲ ਰਹੇ ਸਨ

ਪੁਸਤਕ ਵਿੱਚ, ਲਿਖੇ ਹੋਏ
ਵਿਸਫੋਟਕ ਸ਼ਬਦਾਂ 'ਚੋਂ
ਭ੍ਰਿਸ਼ਟ ਰਾਜਨੀਤੀਵਾਨਾਂ ਦੇ
ਚਿਹਰੇ ਨੰਗੇ ਹੁੰਦੇ ਸਨ

ਪੁਸਤਕ ਵਿੱਚ, ਲਿਖੇ ਹੋਏ
ਸ਼ਬਦਾਂ ਨੇ, ਘੜੰਮ ਚੌਧਰੀ
ਖਲਨਾਇਕ, ਸਾਹਿਤਕਾਰਾਂ ਦੀਆਂ
ਸ਼ਰਮਨਾਕ, ਕਰਤੂਤਾਂ ਦਾ ਭਾਂਡਾ
ਵਿੱਚ ਚੌਰਾਹੇ, ਭੰਨ ਦਿੱਤਾ ਸੀ

ਪੁਸਤਕ ਵਿੱਚ, ਲਿਖੇ ਹੋਏ
ਸ਼ਬਦਾਂ ਨੇ, ਚਾਚਾ–ਭਤੀਜਾ, ਸਾਹਿਤ ਸਭਾਵਾਂ ਵਿੱਚ ਹੁੰਦੀ
ਇੱਕ–ਦੂਜੇ ਦੀ ਪੂਛ ਹਿਲਾਊ
ਸਾਹਿਤ–ਆਲੋਚਨਾ ਦੇ, ਉੱਭਰ ਰਹੇ, ਰੁਝਾਨ ਦਾ
ਪਰਦਾਫਾਸ਼ ਕੀਤਾ ਸੀ

ਪੁਸਤਕ ਵਿੱਚ, ਲਿਖੇ ਹੋਏ
ਸ਼ਬਦਾਂ ਨੇ, ਸਾਹਿਤਕ, ਪੁਰਸਕਾਰਾਂ, ਸਿਰੋਪਿਆਂ, ਮਾਨਾਂ–ਸਨਮਾਨਾਂ, ਦੇ
ਕੂੜਪਸਾਰ ਪਿੱਛੇ ਲੁਕੀ, ਭਾਈ–ਭਤੀਜਾਵਾਦ ਦੀ

ਰਾਜਨੀਤੀ ਨੂੰ, ਭਰੇ ਬਜ਼ਾਰ 'ਚ
ਨੰਗਾ ਕਰ ਦਿੱਤਾ ਸੀ
ਪੁਸਤਕ ਪੜ ਕੇ
ਸੁਸਰੀ ਵਾਂਗੂੰ, ਸੌਂ ਗਏ
ਸਭ, ਸਾਹਿਤਕਾਰ-

ਸਾਹਿਤਕ ਖੇਤਰ ਵਿੱਚ, ਉਸਰ ਰਹੇ
ਕਬਰਸਤਾਨਾਂ ਦੀ, ਬਸ
ਏਸੇ, ਤਾਜ਼ਾ, ਖਬਰ ਦੀ
ਅੱਜਕੱਲ੍ਹ, ਹਰ ਪਾਸੇ
ਚਰਚਾ ਹੈ

ਪੁਸਤਕ ਪੜ੍ਹ ਕੇ
ਸੁਸਰੀ ਵਾਂਗੂੰ, ਸੌਂ ਜਾਣ ਵਾਲੇ
ਸਾਹਿਤਕਾਰਾਂ ਦੀ, ਬਸ
ਅੱਜਕੱਲ੍ਹ, ਹਰ ਪਾਸੇ
ਇੰਜ ਹੀ, ਖੇਹ
ਉੱਡ ਰਹੀ ਹੈ
■

(ਮਾਲਟਨ, ਜਨਵਰੀ 6, 2024)